
# ਹੌਂਦ ਦੀ ਤਲਾਸ਼



ਚਰਨ ਸਿੰਘ

# ਹੋਂਦ ਦੀ ਤਲਾਸ਼

(ਲੰਬੀ ਕਵਿਤਾ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# Hond Di Talash

( A Long Poem )

By : CHARAN SINGH
9251 ARVIDA, DR.
RICHMOND B.C. V7A 4K5
CANADA
Phone : 604-448-0331
Email : virdycharan@gmail.com

© Author

Edition: 2014

Price : Rs. 200/-

Title Designed by : Harpreet Singh

**Published by :**
Punjab Book Centre
Sector 22, Chandigarh
Tel. : 0172-2701952, 27855056

---

ਹੋਂਦ ਦੀ ਤਲਾਸ਼ (ਲੰਬੀ ਕਵਿਤਾ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

## ਸਵਰਗਵਾਸੀ ਲੇਖਕਾ ਅੰਮ੍ਰਿਤਾ ਪ੍ਰੀਤਮ ਜੀ ਨੂੰ ਸਮਰਪਿਤ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੁਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜਕੇ ਮੁੜਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗ਼ਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
* ਸੁਰੱਖਸ਼ਾ (ਛੋਟੀਆਂ ਲੰਬੀਆਂ ਕਵਿਤਾਵਾਂ) 2013
* ਹਸਤਨਾਪੁਰ (ਛੋਟੀਆਂ ਲੰਬੀਆਂ ਕਵਿਤਾਵਾਂ) 2013
* ਸਮਾਧੀ (ਕਾਵਿ ਸੰਗ੍ਰਹਿ) 2013
* ਅੰਕੁਰ (ਲਘੂ ਕਵਿਤਾਵਾਂ) 2013
* ਪੱਥਰ ਦਾ ਸਫ਼ਰ (ਕਾਵਿ ਸੰਗ੍ਰਹਿ) 2013
* ਮੁਕਤੀ (ਲੰਬੀ ਕਵਿਤਾ) 2014
* ਹੋਂਦ ਦੀ ਤਲਾਸ਼ (ਲੰਬੀ ਕਵਿਤਾ) 2014
* ਮੈਂ ਪਗ-ਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ) 2014

# ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

## <u>ਛਪਾਈ ਅਧੀਨ ਪੁਸਤਕਾਂ</u>

(1) ਹੰਝੂਆਂ ਦੇ ਦਰਿਆ (ਪ੍ਰਗੀਤਕ ਕਵਿਤਾਵਾਂ)
(2) ਕੁਕਨੂਸ (ਕਾਵਿ ਸੰਗ੍ਰਹਿ)
(3) ਮੌਲੀ ਧਰਤੀ (ਟੱਪੇ)
(4) ਖ਼ਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
(5) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)
(6) ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)
(7) ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
(8) ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
(9) ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
(10) ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)
(11) ਨੀਲਾ ਅਸਮਾਨ
(12) ਸਾਏ ਦਾ ਸਫ਼ਰ (ਕਾਵਿ ਸੰਗ੍ਰਹਿ)
(13) ਮਹਿਮਾਂ (ਕਾਵਿ ਸੰਗ੍ਰਹਿ)
(14) ਚੁੱਪ ਦੀ ਆਵਾਜ਼ (ਕਾਵਿ ਸੰਗ੍ਰਹਿ)
(15) ਕਿਵ ਸੱਚਿਆਰਾ ਹੋਈਐ (ਕਾਵਿ-ਨਾਟਕ)

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993.

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ
ਸਾਹਿਤਕਾਰਾਂ ਤੇ Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇਕ ਹੈ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


* ਮਨੁੱਖੀ ਹੋਂਦ ਤਲਾਸ਼ ਸਰਵੇਖਣ
* ਅਕਾਸ਼ ਆਪਣੀ ਹੋਂਦ ਦੀ ਤਲਾਸ਼ 'ਚ
* ਹਵਾ ਆਪਣੀ ਹੋਂਦ ਦੀ ਤਲਾਸ਼ 'ਚ
* ਅੱਗਣ ਆਪਣੀ ਹੋਂਦ ਦੀ ਤਲਾਸ਼ 'ਚ
* ਜਲ ਆਪਣੀ ਹੋਂਦ ਦੀ ਤਲਾਸ਼ 'ਚ
* ਧਰਤੀ ਆਪਣੀ ਹੋਂਦ ਦੀ ਤਲਾਸ਼ 'ਚ
* ਪੰਜਾਂ ਤੱਤਾਂ ਭਾਵ ਅਕਾਸ਼, ਹਵਾ, ਅੱਗਣ, ਜਲ, ਧਰਤ ਨੂੰ ਆਪਣੀ ਹੋਂਦ ਦਾ ਸੱਚ ਜਾਣਨ ਦੀ ਲੋੜ ਕਿਉਂ ਪਈ ਮਨੁੱਖੀ ਸਿਰਜਣਾ ਪਸ਼ੂਆਂ ਪੰਛੀਆਂ ਜੀ ਜੰਤੂਆਂ ਤੋਂ ਬਾਅਦ 'ਚ ਹੋਣ ਦਾ ਕਾਰਨ
* ਚੇਤਨ ਮਨੁੱਖ ਦਾ ਸਵੈ ਤੇ ਪ੍ਰਯੋਜਨ
* ਸਵੈ (ਆਤਮਾ) ਦੀ ਤਲਾਸ਼ ਦਾ ਸਫ਼ਰ, ਇਥੋਂ ਅਧਿਆਤਮ ਸਫ਼ਰ ਦਾ ਧਰਮ ਖੰਡ ਆਰੰਭ ਹੁੰਦਾ ਹੈ
* ਆਸਨ
* ਮਨ ਦਾ ਸੰਯਮ ਤੇ ਸੰਤੁਲਨ
* ਕੁਦਰਤ ਤੇ ਕਾਦਰ 'ਚ ਪ੍ਰਵਿਰਤੀ ਹੋਣ ਤੋਂ ਬਾਅਦ ਟਿਕੇ ਹੋਏ ਮਨੁੱਖੀ ਮਨ ਦਾ ਆਤਮਕ ਸਫ਼ਰ
* ਆਤਮਾ ਤੋਂ ਬ੍ਰਹਮ ਦਾ ਸਫ਼ਰ ਹੋਂਦ ਦੇ ਸੱਚ ਦੀ ਪ੍ਰਾਪਤੀ ਤੋਂ ਬਾਅਦ ਹੋਈ ਮਨੁੱਖੀ
* ਕਾਇਆਕਲਪ ਦਾ ਅਰਥ ਤੇ ਪ੍ਰਯੋਜਨ

# ਮਨੁੱਖੀ ਹੋਂਦ ਤਲਾਸ਼ ਸਰਵੇਖਣ

ਮਨੁੱਖ ਦਾ ਸਰੀਰ ਪੰਜਾਂ ਤੱਤਾਂ ਦਾ ਬਣਿਆ ਹੈ। ਇਹ ਤੱਤ ਹਨ ਅਕਾਸ਼, ਹਵਾ, ਅੱਗਣ, ਜਲ ਤੇ ਧਰਤ। ਇਹ ਪੰਜੇ ਤੱਤ ਸ੍ਰਿਸ਼ਟੀ ਦੇ ਹਰ ਜੀਵ 'ਚ ਮੌਜ਼ੂਦ ਹਨ। ਮਨੁੱਖ ਦੀ ਹੋਂਦ ਤੋਂ ਪਹਿਲਾਂ ਇਹ ਤੱਤ ਜੀਵ-ਜੰਤੂਆਂ ਦੇ ਸਰੀਰ ਵਿਚ ਰੱਖੇ ਗਏ ਗੁੰਨੇ ਗਏ। ਉਸ ਵੇਲੇ ਇਹ ਪੰਜ ਤੱਤ ਵੀ ਆਪਣੀ ਹੋਂਦ ਦੇ ਸੱਚ ਤੋਂ ਅਣਜਾਣ ਸਨ। ਇਨ੍ਹਾਂ ਤੱਤਾਂ ਦੇ ਵਜ਼ੂਦ ਨੂੰ ਆਪਣੀ ਹੋਂਦ ਦੇ ਸੱਚ ਦਾ ਗਿਆਨ ਨਹੀਂ ਸੀ। ਇਹੀ ਕਾਰਨ ਹੈ ਕਿ ਇਨ੍ਹਾਂ ਜੀਵ-ਜੰਤੂਆਂ ਪਸ਼ੂ-ਪੰਛੀਆਂ ਦੇ ਵਜ਼ੂਦ 'ਚ ਚੇਤਨਾ ਦੀ ਬਹੁਤ ਘੱਟ ਹੋਂਦ ਹੈ। ਜਗਿਆਸਾ ਦਾ ਅੰਸ਼ ਬਹੁਤ ਘੱਟ ਹੈ। ਇਹ ਜੀਵ-ਜੰਤੂ ਪਸ਼ੂ-ਪੰਛੀ ਆਪਣੀ ਹੋਂਦ ਦਾ ਸੱਚ ਜਾਣਨ ਤੋਂ ਅਸਮਰੱਥ ਹਨ। ਕਿਉਂਕਿ ਇਨ੍ਹਾਂ ਦੇ ਵਜ਼ੂਦ ਵਿਚਲੇ ਪੰਜੇ ਤੱਤ ਆਪਣੀ ਹੋਂਦ ਦੇ ਸੱਚ ਤੋਂ ਅਣਜਾਣ ਹਨ।

ਮਨੁੱਖੀ ਵਜ਼ੂਦ ਲਈ ਇਹ ਜ਼ਰੂਰੀ ਸੀ ਕਿ ਇਹ ਪੰਜੇ ਤੱਤ ਆਪਣੀ ਹੋਂਦ ਦੇ ਸੱਚ ਤੋਂ ਜਾਣੂ ਹੋਣ। ਇਹ ਕੀ ਹਨ, ਇਨ੍ਹਾਂ ਦੀ ਹੋਂਦ ਕੀ ਹੈ, ਹੋਂਦ ਦਾ ਸੱਚ ਕੀ ਹੈ। ਇਹ ਜਾਣਨ ਤੋਂ ਬਾਅਦ ਹੀ ਇਹ ਤੱਤ ਮਨੁੱਖੀ ਸਰੀਰ ਦਾ ਹਿੱਸਾ ਬਣ ਸਕਦੇ ਹਨ ਤਾਂ ਕਿ ਮਨੁੱਖ ਖ਼ੁਦ ਆਪਣੀ ਸਰੀਰਕ ਹੋਂਦ ਦੇ ਸੱਚ ਨੂੰ ਜਾਣਨ ਦੇ ਸਮਰੱਥ ਹੋ ਸਕੇ। ਆਪਣੇ ਅੰਕੁਰ ਚੋਂ ਆਪਣਾ ਤੇ ਆਪਣੇ ਕਰਤੇ ਦਾ ਸੱਚ ਜਾਣ ਸਕੇ। ਇਹ ਕੁਦਰਤ ਦਾ ਪ੍ਰਯੋਜਨ ਸੀ ਤੇ ਇਸ ਪ੍ਰਯੋਜਨ ਦੀ ਪੂਰਤੀ ਲਈ ਇਨ੍ਹਾਂ ਪੰਜਾਂ ਤੱਤਾਂ ਨੇ ਪਹਿਲਾਂ ਆਪਣੀ ਹੋਂਦ ਦਾ ਸੱਚ ਜਾਣਿਆਂ ਤੇ ਫਿਰ ਮਨੁੱਖੀ ਵਜ਼ੂਦ ਦੀ ਸਮੱਗਰੀ ਬਣੇ।

ਮੇਰੇ ਅਨੁਸਾਰ ਜਿੰਨਾ ਸਮਾਂ ਇਨ੍ਹਾਂ ਤੱਤਾਂ ਨੂੰ ਆਪਣੀ ਹੋਂਦ ਦਾ ਸੱਚ ਜਾਣਨ 'ਚ ਲੱਗਾ, ਓਨਾ ਸਮਾਂ ਹੀ ਜੀਵ-ਜੰਤੂਆਂ ਪਸ਼ੂ-ਪੰਛੀਆਂ ਦੀ ਸਿਰਜਣਾ ਤੋਂ ਬਾਅਦ ਮਨੁੱਖ ਦਾ ਵਜ਼ੂਦ ਸਿਰਜਣ ਲਈ ਲੱਗਾ। ਇਹ ਕੀ ਕਾਰਨ ਹੈ ਕਿ ਪਹਿਲਾਂ ਜੀਵ-ਜੰਤੂਆਂ ਪਸ਼ੂ-ਪੰਛੀਆਂ ਦੀ ਆਮਦ ਕੁਦਰਤ 'ਚ ਹੋਈ ਤੇ ਬਾਅਦ 'ਚ ਆਦਮੀ ਦੀ। ਕਿਉਂਕਿ ਮਨੁੱਖ ਨੂੰ ਸਿਰਫ ਪੰਜਾਂ ਤੱਤਾਂ ਦੀ ਹੀ ਲੋੜ ਨਹੀਂ ਸੀ, ਸਗੋਂ ਇਨ੍ਹਾਂ ਤੱਤਾਂ ਦੇ ਚੇਤਨ ਵਜ਼ੂਦ ਦੀ ਵੀ

ਲੋੜ ਸੀ। ਜੋ ਆਪਣੀ ਹੋਂਦ ਦੇ ਸੱਚ ਤੋਂ ਚੇਤਨ ਹੁੰਦੇ। ਪਹਿਲਾਂ ਇਨ੍ਹਾਂ ਤੱਤਾਂ ਆਪਣੀ ਹੋਂਦ ਦੇ ਸੱਚ ਨੂੰ ਜਾਣਿਆਂ। ਫਿਰ ਮਨੁੱਖ ਨੇ ਆਪਣੀ ਹੋਂਦ ਜੋ ਮਨੁੱਖੀ ਸਵੈ ਹੈ, ਮਨੁੱਖੀ ਆਤਮਾ ਹੈ ਉਸ ਨੂੰ ਜਾਣਿਆਂ। ਫਿਰ ਮਨੁੱਖ ਨੇ ਆਪਣੇ ਸਵੈ (ਆਤਮਾ) ਦੀ ਤ੍ਰਿਸ਼ਨਾ ਨੂੰ ਜਾਣਿਆਂ ਕਿ ਮਨੁੱਖੀ ਸਵੈ (ਆਤਮਾ) ਦੀ ਤ੍ਰਿਸ਼ਨਾ ਕੀ ਹੈ। ਮਨੁੱਖੀ ਸਵੈ (ਆਤਮਾ) ਦੀ ਤ੍ਰਿਸ਼ਨਾ ਸਦਾ ਹੀ ਪਰਮਾਤਮਾ ਨੂੰ ਮਿਲਣ ਦੀ ਰਹੀ ਹੈ। ਪਰਮਾਤਮਾ 'ਚ ਲੀਨ ਹੋਣ ਦੀ ਰਹੀ ਹੈ। ਸੋ ਮਨੁੱਖ ਨੇ ਪਹਿਲਾਂ ਆਪਣੇ ਸਵੈ (ਆਤਮਾ) ਨੂੰ ਜਾਣਿਆਂ ਫਿਰ ਸਵੈ (ਆਤਮਾ) ਦੀ ਤ੍ਰਿਸ਼ਨਾ ਨੂੰ ਜਾਣਿਆਂ ਫਿਰ ਪਰਮ ਆਤਮਾ ਜੋ ਮਨੁੱਖੀ ਸਵੈ (ਆਤਮਾ) ਦਾ ਸੱਚ ਹੈ, ਉਸ ਨੂੰ ਜਾਣਿਆਂ।

ਇਸ ਸੱਚ ਨੂੰ ਜਾਣਨ ਤੋਂ ਬਾਅਦ ਮਨੁੱਖ ਦਾ ਕਾਇਆਕਲਪ ਹੋਇਆ। ਮਨੁੱਖ 'ਚ ਪਿਆਰ, ਸਾਂਝੀਵਾਲਤਾ ਸਬਰ-ਸੰਤੋਖ, ਤਿਆਗ, ਦਯਾ, ਸੱਚ, ਸੁੰਦਰਤਾ ਤੇ ਕਲਿਆਣ ਜਿਹੀਆਂ ਪ੍ਰਵਿਰਤੀਆਂ ਦਾ ਆਰਥਕ ਸੱਚ ਪ੍ਰਵੇਸ਼ਿਆ ਗਿਆ। ਜੋ ਮਨੁੱਖਤਾ ਲਈ ਮਨੁੱਖ ਲਈ ਮਨੁੱਖੀ ਮਨ 'ਚ ਸਾਕਾਰਤਾ ਦਾ ਰੁੱਖ ਹੋ ਉੱਗਿਆ। ਮਨੁੱਖ ਦੀ ਨਜ਼ਰ 'ਚ "ਏਕ ਨੂਰ ਤੇ ਸਭ ਜਗ ਉਪਜਿਓ", "ਨਾ ਕੋਈ ਵੈਰੀ ਨਾ ਹੀ ਬੇਗਾਨਾ", ਸਰਬਤ ਦਾ ਭਲਾ, ਦਸਾਂ ਨੌਹਾਂ ਦੀ ਕਿਰਤ ਕਰਨੀ, ਵੰਡ ਛੱਕਣਾ ਅਜਿਹੇ ਮਨੁੱਖਤਾ ਦੀ ਭਲਾਈ ਦੇ ਸਿਧਾਂਤਾਂ ਦਾ ਜਨਮ ਹੋਇਆ। ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀਆਂ ਪ੍ਰਵਿਰਤੀਆਂ ਦੀ ਊਰਜਾ ਤੇ ਅਰਥ ਬਦਲ ਕੇ ਇਨ੍ਹਾਂ ਸ਼ਬਦਾਂ ਦੀ ਸ਼ਕਤੀ ਮਨੁੱਖਤਾ ਦੀ ਭਲਾਈ ਲਈ ਮਨੁੱਖ ਦੀ ਚੜ੍ਹਦੀ ਕਲਾ 'ਚ ਵਰਤਣ ਦਾ ਅਨੁਭਵ ਹੋਇਆ। ਆਪਣੀ ਹੋਂਦ ਦੇ ਸੱਚ ਨੂੰ ਜਾਣਨ ਪਿਛੋਂ ਮਨੁੱਖ ਚੋਂ ਇਕ ਨਵੇਂ ਮਨੁੱਖ ਦਾ ਜਨਮ ਹੋਇਆ, ਜੋ ਸਾਖਸ਼ਾਤ ਸੱਚ ਸੁੰਦਰਤਾ ਕਲਿਆਣ, ਪਿਆਰ, ਤਿਆਗ ਦੀ ਮੂਰਤ ਹੈ। ਨੇਕੀ ਚੰਗਿਆਈ ਤੇ ਭਲਾਈ ਨੇ ਜੋ ਮਨੁੱਖ ਦੇ ਮਨ ਅੰਦਰ ਸਥਾਨ ਬਣਾਇਆ। ਉਸਨੂੰ ਮਨੁੱਖੀ ਸੰਸਾਰ ਦਾ ਯਥਾਰਥਕ ਰੂਪ ਦੇਣਾ ਚਾਹੁੰਦਾ ਸੀ। ਆਪਣੇ ਨਿੱਜੀ ਜੀਵਨ ਧਰਾਤਲ ਚੋਂ ਦੁਨਿਆਵੀ ਜੀਵਨ ਧਰਾਤਲ 'ਚ ਉਤਾਰਨਾ ਚਾਹੁੰਦਾ ਸੀ।

ਅਜਿਹਾ ਸੰਸਾਰ ਮਨੁੱਖ ਤੇ ਸਮਾਜ ਸਿਰਜਣਾ ਚਾਹੁੰਦਾ ਸੀ ਜਿਸਦੀ

ਸਮੱਗਰੀ ਦੇ ਗੁਣ ਉਸ ਨੂੰ ਆਪਣੀ ਹੋਂਦ ਦਾ ਸੱਚ ਜਾਣਨ ਪਿੱਛੋਂ ਪ੍ਰਾਪਤ ਹੋਏ। ਜੋ ਉਜਲੇ ਵਰਤਮਾਨ ਭੂਤ ਤੇ ਭਵਿੱਖ ਨੂੰ ਸੰਸਾਰ 'ਚ ਰੂਪਮਾਨ ਕਰਨ ਦੇ ਧਾਰਨੀ ਹਨ। ਆਪਣੀ ਹੋਂਦ ਦਾ ਸੱਚ ਜਾਣਨ ਪਿਛੋਂ ਮਨੁੱਖ ਨੂੰ ਮਨੁੱਖਤਾ ਦਾ ਸੱਚ ਸਮਝ ਆਇਆ। ਮਨੁੱਖ, ਮਨੁੱਖਤਾ ਤੇ ਕੁਦਰਤ ਦੇ ਕਾਦਰ ਦੀ ਇਕਾਈ ਸਮਝ ਆਈ। ਇਕ ਰਿਸ਼ਟ-ਪੁਸ਼ਟ ਮਨੁੱਖਤਾ ਅਨੁਕੂਲ ਪਿਆਰ ਸ਼ਾਂਤੀ ਸਾਂਝੀਵਾਲਤਾ ਬਰਾਬਰਤਾ ਸੁੱਖੀ ਸੰਸਾਰ ਦਾ ਸੰਕਲਪ ਨਜ਼ਰ ਆਇਆ ਜੋ ਰਿਸ਼ਵਤਖੋਰੀ ਭ੍ਰਿਸ਼ਟਾਚਾਰ ਮਨੁੱਖੀ ਸ਼ੋਸ਼ਨ ਤੇ ਪ੍ਰਦੂਸ਼ਨ ਰਹਿਤ ਅਨੁਭਵ ਕੀਤਾ। ਉਸ ਨੂੰ ਪ੍ਰਚਾਰਨਾ ਵਿਸਥਾਰਨਾ ਤੇ ਸਥਾਪਤ ਕਰਨਾ ਆਪਣਾ ਕਰਮ ਆਪਣਾ ਧਰਮ ਸਮਝਿਆ। ਮਨੁੱਖੀ ਹੋਂਦ ਦੇ ਸੱਚ ਦੇ ਤਲਾਸ਼ ਚੋਂ ਅਜਿਹੀ ਲੰਬੀ ਕਵਿਤਾ ਦਾ ਜਨਮ ਹੋਇਆ ਜੋ ਵਿਸ਼ਵ ਨੂੰ ਚੰਗਾ ਮਨੁੱਖ, ਚੰਗਾ ਸਮਾਜ, ਚੰਗੀ ਮਨੁੱਖਤਾ ਪ੍ਰਦਾਨ ਕਰਨ ਦਾ ਯਤਨ ਹੈ। ਉਪਰੋਕਤ ਵਿਚਾਰ ਮੈਂ ਅਧਿਆਤਮਿਕਤਾ ਦੇ ਆਧਾਰ ਤੇ ਅਭੀਵਿਅਕਤ ਕੀਤੇ ਹਨ। ਨਾ ਕਿ ਵਿਗਿਆਨਕ ਆਧਾਰ ਤੇ।

–ਚਰਨ ਸਿੰਘ

ਮਨੁੱਖ ਦਾ ਸਰੀਰ ਪੰਜਾਂ ਤੱਤਾਂ ਦਾ ਬਣਿਆ ਹੈ, ਮਨੁੱਖ 'ਚ ਇਨ੍ਹਾਂ ਤੱਤਾਂ ਤੋਂ ਪਹਿਲਾ ਇਨ੍ਹਾਂ ਤੱਤਾਂ ਲਈ ਆਪਣੀ ਹੋਂਦ ਦਾ ਸੱਚ ਜਾਣਨਾ ਜ਼ਰੂਰੀ ਸੀ, ਫਿਰ ਮਨੁੱਖੀ ਦੇਹ 'ਚ ਹੋਂਦ ਦਾ ਸੱਚ ਪ੍ਰਵੇਸ਼ਨਾ ਸੀ।

## ਅਕਾਸ਼ ਆਪਣੀ ਹੋਂਦ ਦੀ ਤਲਾਸ਼ 'ਚ

ਮੈਂ ਅਕਾਸ਼
ਆਪਣੀ ਹੋਂਦ ਤੋਂ ਅਣਜਾਣ ਹਾਂ
ਮੈਨੂੰ ਆਪਣੇ ਸਵੈ (ਆਤਮਾ)
ਸੱਚ ਦਾ ਗਿਆਨ ਨਹੀਂ
ਪਹਿਚਾਣ ਨਹੀਂ
ਮੈਂ ਕੌਣ ਹਾਂ ਕੀ ਹਾਂ
ਇਸਦੀ ਸਮਝ ਨਹੀਂ
ਆਪਣੇ ਵਿਚਲੀ ਸਮੱਗਰੀ
ਦਾ ਅਨੁਭਵ ਨਹੀਂ
ਦੇਹ ਦੇ ਸੱਚ ਤੋਂ ਜਾਣੂ ਨਹੀਂ

-0-

ਆਪਣੇ ਸਵੈ (ਆਤਮਾ) ਦਾ ਸੱਚ
ਜਾਣੇ ਬਿਨਾਂ ਅਧੂਰਾ ਹਾਂ
ਮੈਂ ਚੰਨਾਂ ਸੂਰਜਾਂ ਤਾਰਿਆਂ
ਗ੍ਰਿਹਾਂ ਤੇ ਉਪ-ਗ੍ਰਿਹਾਂ ਦੇ
ਸੱਚ ਤੋਂ ਅਣਜਾਣ ਹਾਂ
ਬ੍ਰਹਿਮੰਡਾਂ ਦੇ ਸੱਚ ਬਿਨਾਂ
ਮੇਰਾ ਕੋਈ ਵਜ਼ੂਦ ਨਹੀਂ
ਮੇਰੀ ਕੋਈ ਹੋਂਦ ਨਹੀਂ
ਮੈਂ ਆਪਣੀ ਹੋਂਦ ਦੇ ਵਜ਼ੂਦ
ਦੇ ਸੱਚ ਬਿਨਾਂ

ਘਰ ਨਹੀਂ ਮਕਾਨ ਹਾਂ
ਕਬਰਾਂ ਦਾ ਨਕਸ਼ ਹਾਂ
ਦੇਹ ਦਾ ਸ਼ਮਸ਼ਾਨ ਹਾਂ
ਮੈਂ ਪਤਝੜ ਦਾ ਚਿਹਰਾ ਹਾਂ
ਵੀਰਾਨੀਆਂ ਦੀ ਪਹਿਚਾਣ ਹਾਂ
ਚੰਨਾਂ ਸੂਰਜਾਂ ਤਾਰਿਆਂ ਦੀ
ਇੰਨੀ ਰੌਸ਼ਨੀ ਹੁੰਦੇ ਹੋਏ ਵੀ
ਹਨ੍ਹੇਰ ਦਾ ਹਨ੍ਹੇਰ ਹਾਂ
ਕਾਲਖ਼ਾਂ ਦਾ ਢੇਰ ਹਾਂ

-0-

ਮੇਰੇ ਚੋਂ ਸਮਾਂ ਮਨਫ਼ੀ ਹੈ
ਪ੍ਰਾਣ ਮਨਫ਼ੀ ਹੈ
ਮੇਰੇ ਚੋਂ ਨੀਲਤਾ ਮਨਫ਼ੀ ਹੈ
ਰੌਣਕਾਂ ਆਲੋਪ ਹਨ
ਮੈਂ ਜਿਊਂਦਾ ਹੀ
ਮੌਤ ਦਾ ਜਹਾਨ ਹਾਂ
ਉਜਾੜਾਂ ਦਾ ਸਥਾਨ ਹਾਂ
ਮੇਰਾ ਲਹੂ ਜ਼ਮ ਗਿਆ ਹੈ
ਮੇਰੀ ਗਤੀ ਚੋਂ
ਅਗਤੀਆਂ ਉੱਗ ਆਈਆਂ ਹਨ
ਮੈਂ ਹੋਂਦ ਦੇ ਸੱਚ ਬਿਨਾਂ
ਸੱਖਣਾ ਹਾਂ ਖਾਲੀ ਹਾਂ
ਮੈਂ ਆਪਣੀ ਹੋਂਦ ਦੇ ਦਰ ਦਾ
ਸੁਵਾਲੀ ਹਾਂ

-0-

ਮੈਂ ਆਪਣੇ ਹੀ ਚਿਹਰੇ ਚੋਂ
ਆਪਣੀ ਪਹਿਚਾਣ ਭਾਲਦਾ ਹਾਂ
ਮੇਰੇ 'ਚ ਆਪਣੀ ਰੌਸ਼ਨੀ ਨਹੀਂ ਹੈ
ਮੇਰੀ ਪ੍ਰਕਿਰਤੀ 'ਚ
ਹਰਿਆਵਲ ਦੀ ਲਾਸ਼ ਤਰਦੀ ਹੈ
ਹੋਂਦ ਦੇ ਅਹਿਸਾਸ ਲਈ
ਪਲ ਪਲ ਮਰਦੀ ਹੈ

-0-

ਮੈਂ ਆਪਣੇ ਆਪ ਨੂੰ ਮੇਟਾਂ
ਤਾਂ ਆਪਣੀ ਹੋਂਦ ਨੂੰ ਪਾਵਾਂ
ਆਪਣੇ ਤੇ ਪੈਰ ਧਰ ਗੁਜ਼ਰਾਂ
ਹੋਂਦ ਦੇ ਦਰ ਅੱਪੜ ਜਾਵਾਂ
ਆਪਣਾ ਆਪ ਉਧੇੜਾਂ
ਧੋਵਾਂ ਨਿਚੋੜਾਂ ਤੇ ਸੀਵਾਂ
ਮੈਂ ਆਪਣੀ ਹੋਂਦ ਬਿਨ
ਜੀਵਾਂ ਤਾਂ ਕਿੰਜ ਜੀਵਾਂ

-0-

ਆਪਣੀ ਉੱਚਾਈ ਦਾ
ਅਭਿਮਾਨ ਤਿਆਗਾਂ
ਆਪਣੇ ਆਪ 'ਚ
ਧਰਤੀ ਜਿਹਾ ਸਬਰ ਸੰਤੋਖ
ਤੇ ਨਿਮਰਤਾ ਬੀਜਾਂ
ਆਪਣੇ ਹੰਕਾਰ ਤੋਂ ਉੱਚਾ ਉੱਠਾਂ

ਆਪਣੀ ਹੋਂਦ ਨੂੰ ਜਾਣਾਂ
ਆਪਣਾ ਸੱਚ
ਆਪਣੀ ਸੁਤੰਤਰਤਾ ਪਹਿਚਾਣਾਂ

-0-

ਆਪਣੀ ਹੋਂਦ ਜਾਣੇ ਬਿਨਾਂ
ਮਨੁੱਖੀ ਸਰੀਰ ਦਾ ਹਿੱਸਾ ਵੀ
ਮੈਂ ਹੋ ਨਹੀਂ ਸਕਦਾ
ਮਨੁੱਖ 'ਚ ਤੁਰ ਨਹੀਂ ਸਕਦਾ
ਮਨੁੱਖ 'ਚ ਖਲੋ ਨਹੀਂ ਸਕਦਾ
ਮੈਂ ਜੇ ਮਨੁੱਖ ਦਾ ਅੰਗ ਬਣਨਾ ਹੈ
ਤਾਂ ਆਪਣਾ ਵਜ਼ੂਦ ਹੀ ਨਹੀਂ
ਉਸ ਵਿਚ
ਆਪਣੀ ਹੋਂਦ ਦਾ ਵੀ ਸੱਚ ਧਰਨਾ ਹੈ

-0-

ਮਨੁੱਖੀ ਦੇਹ ਨੂੰ
ਆਪਣੀ ਸਮੱਗਰੀ ਤੇ
ਹੋਂਦ ਦੇ ਸੱਚ ਨਾਲ ਭਰਨਾ ਹੈ
ਤਾਂ ਕਿ ਮੈਂ
ਮਨੁੱਖ ਦਾ ਚਿਹਰਾ ਹੋ ਸਕਾਂ
ਮਨੁੱਖ ਦਾ ਵਿਚਰਨ ਹੋ ਸਕਾਂ
ਧਰਤ ਦੀ ਖ਼ੁਸ਼ਬੂ ਹੋ ਸਕਾਂ
ਚੰਨਾਂ ਸੂਰਜਾਂ ਤਾਰਿਆਂ ਦਾ
ਵਿਹੜਾ ਹੋ ਸਕਾਂ

-0-

ਮੈਂ ਅਕਾਸ਼
ਆਪਣੀ ਚੇਤਨਾ 'ਚ
ਜੋਤ ਸਰੂਪ ਦਾ ਸੰਕਲਪ
ਬੀਜਾਂ ਤੇ ਉੱਗਾਵਾਂ
ਹੋਂਦ ਦੇ ਅੰਸ਼ ਤੇ ਕੇਂਦਰਿਤ ਹੋ
ਆਪਣੇ ਸਵੈ (ਆਤਮਾ) ਨੂੰ
ਸਿਮਰਾਂ ਤੇ ਧਿਆਵਾਂ

-0-

ਮੇਰੇ ਸਿਰ ਮੂੰਹ ਤੇ
ਸਫ਼ੈਦੀ ਦਾ ਜੰਗਲ ਉੱਗ
ਆਇਆ ਹੈ
ਇਸ ਉਮਰ 'ਚ
ਮੈਂ ਆਪਣੇ ਸਵੈ (ਆਤਮਾ) ਦੇ
ਸੱਚ ਨੂੰ ਪਾਇਆ ਹੈ
ਚੰਨਾਂ ਸੂਰਜਾਂ ਤਾਰਿਆਂ ਤੇ
ਬ੍ਰਹਿਮੰਡਾਂ ਦੇ ਜਿਸਮੀਂ ਉਤਰਿਆਂ ਹਾਂ
ਮੇਰਾ ਸਵੈ (ਆਤਮਾ) ਹੀ
ਇਨ੍ਹਾਂ 'ਚ ਸਮਾਇਆ ਹੈ
ਇਨ੍ਹਾਂ ਦਾ ਤੇ ਮੇਰਾ
ਬੇਸ਼ਕ ਰੰਗ ਰੂਪ ਵੱਖਰਾ ਹੈ
ਪਰ ਇਕ ਜੋਤ ਦਾ ਨੂਰ
ਇਨ੍ਹਾਂ ਤੇ ਮੇਰੇ ਚੋਂ ਨਜ਼ਰ
ਆਇਆ ਹੈ

-0-

ਮੇਰੇ ਤਾਰਕਾ ਸੂਰਜਾਂ
ਚੰਦਰਮਾ ਮੰਡਲਾਂ
ਬ੍ਰਹਿਮੰਡਾਂ ਖਲਾਅ ਤੇ ਧਰਤੀਆਂ ਦੀਆਂ
ਜੋਤਾਂ ਦੇ ਸਾਂਝੇਪਣ ਸਦਕਾ
ਮੇਰੇ ਨੈਣਾਂ ਦੇ ਵਿਹੜੇ
ਮੇਰਾ ਰੱਬ ਉਤਰ ਆਇਆ ਹੈ
ਮੇਰੇ ਰੋਮ ਰੋਮ 'ਚ ਵਸਿਆ ਹੈ
ਮੇਰੀ ਸਮੱਗਰੀ 'ਚ ਸਮਾਇਆ ਹੈ
ਮੈਨੂੰ ਆਪਣੇ ਸਵੈ (ਆਤਮਾ) ਦਾ
ਚਿਹਰਾ ਨਜ਼ਰ ਆਇਆ ਹੈ

-0-

ਸ਼ਬਦ ਮੇਰੀ ਹੋਂਦ
ਮੇਰਾ ਸੱਚ ਮੇਰਾ ਅਕਾਰ ਹੈ
ਸ਼ਬਦ ਮੇਰਾ ਅੰਕੁਰ
ਮੇਰਾ ਵਿਸਥਾਰ ਹੈ
ਸ਼ਬਦ ਮੇਰਾ ਅੰਦਰ
ਮੇਰਾ ਬਾਹਰ ਹੈ
ਮੈਂ ਸ਼ਬਦ ਦਾ ਸੱਚ ਕਹਾਉਂਦਾ ਹਾਂ
ਸ਼ਬਦ ਨੂੰ ਆਪਣੇ 'ਚ
ਵਿਚਰਦਾ ਪਾਉਂਦਾ ਹਾਂ
ਮੈਂ ਸ਼ਬਦ ਚੋਂ ਜਨਮਦਾ ਹਾਂ
ਸ਼ਬਦ ਵਿਚ ਹੀ ਸਮਾਉਂਦਾ ਹਾਂ
ਸ਼ਬਦ ਮੇਰਾ ਆਦਿ ਅੰਤ ਹੈ

ਸ਼ਬਦ ਮੇਰਾ ਅਨੰਤ ਹੈ
ਜੋ ਸਦਾ ਨਿਰੰਤਰ
ਅਕਾਰ ਰਹਿਤ ਹੈ
ਜਿਸਦਾ ਨਾ ਕੋਈ ਆਦਿ
ਅੰਤ ਹੈ

–0–

ਮੈਂ ਕੌਣ ਹਾਂ ਮੈਂ ਕੀ ਹਾਂ
ਕਿੱਥੋਂ ਆਇਆ ਹਾਂ ਕਿੱਥੇ ਜਾਣਾ ਹੈ
ਮੇਰੇ ਸਵੈ (ਆਤਮਾ) ਚੋਂ
ਸਭ ਨਜ਼ਰ ਆਇਆ ਹੈ
ਹੁਣ ਮੈਂ
ਆਪਣਾ ਆਪਾ ਜਾਤਾ ਹੈ
ਆਪਣਾ ਸੱਚ ਪਛਾਤਾ ਹੈ

–0–

ਮੇਰੇ 'ਚ ਨੂਰ ਦਾ ਵਸੇਰਾ ਹੈ
ਨੂਰੀ ਜੋਤਾਂ ਦਾ ਡੇਰਾ ਹੈ
ਮੇਰੀ ਦੇਹ ਚੋਂ
ਜੀਵਨ ਦਾ ਆਗਾਜ਼
ਪਹਿਲਾ ਕਦਮ ਪੁੱਟਦਾ ਹੈ
ਮੇਰੀ ਦੇਹ ਚੋਂ ਪ੍ਰਾਣ ਜਨਮਦਾ ਹੈ
ਮੇਰੀ ਦੇਹ 'ਚ ਧਰਤੀ ਦੀ ਖੁਸ਼ਬੂ ਹੈ
ਚੰਨਾਂ ਸੂਰਜਾਂ ਤਾਰਿਆਂ
ਬ੍ਰਹਿਮੰਡਾਂ ਦੀ ਰੂਹ ਹੈ

–0–

ਮੇਰੇ ਪਿੰਡੇ 'ਚ ਬੱਦਲਾਂ ਦਾ
ਵਸੇਰਾ ਹੈ

ਸਾਗਰ ਹੈ ਸਹਿਰਾ ਹੈ
ਪ੍ਰਕਿਰਤੀ ਦਾ ਹਰਿਆਵਲਾ ਮੂਲ ਹੈ
ਰੰਗਾਂ ਦੀ ਤਾਸੀਰ ਹੈ
ਬੁੱਤਾਂ ਪੱਥਰਾਂ ਦੀ ਜ਼ਮੀਰ ਹੈ
ਕਰਤਾ ਦੀ ਤਸਵੀਰ ਹੈ

-0-

ਮੇਰੇ 'ਚ
ਧਰਤੀ ਦੀ ਕੁੱਖ ਦਾ ਉਜਾਲਾ ਹੈ
ਧਰਤੀ ਦੀ ਉਮਰ ਦਾ
ਮੇਰੇ ਮੱਥੇ ਤੇ ਵਿਸਥਾਰ ਹੈ
ਮੇਰੀ ਸਮੱਗਰੀ
ਮੇਰਾ ਅੰਦਰ ਮੇਰਾ ਵਜ਼ੂਦ
ਮੇਰਾ ਅਕਾਰ ਮੇਰਾ ਜੀਵਨ
ਮੇਰਾ ਆਪਣਾ ਪਸਾਰ ਹੈ
ਸ਼ਬਦ ਮੇਰੀ ਰੂਹ ਹੈ
ਮੇਰਾ ਸੰਸਾਰ ਹੈ

-0-

ਅਕਾਸ਼ ਨੇ
ਆਪਣੇ ਸਵੈ ਦੇ ਸੱਚ ਦਾ ਨੂਰ
ਤੇ ਵਜ਼ੂਦ
ਮਨੁੱਖੀ ਦੇਹ 'ਚ ਧਰ ਦਿੱਤਾ
ਮਨੁੱਖੀ ਮਿੱਟੀ ਨੂੰ ਚੇਤਨ ਕਰ ਦਿੱਤਾ

ਤਾਂ ਕਿ ਮਨੁੱਖ
ਆਪਾ ਪਹਿਚਾਣ ਸਕੇ
ਆਪਣਾ ਸੱਚ ਸਿਆਣ ਸਕੇ

-0-

ਅਕਾਸ਼ ਦਾ ਚੇਤਨ ਤੱਤ
ਮਨੁੱਖੀ ਦੇਹ 'ਚ ਸਮਾਇਆ ਹੈ
ਅਕਾਸ਼ ਮਨੁੱਖਤਾ 'ਚ ਛਾਇਆ ਹੈ
ਮਨੁੱਖ 'ਚ
ਅਕਾਸ਼ ਦੀ ਹੋਂਦ ਦੇ ਸੱਚ ਦਾ
ਵਸੇਰਾ ਹੈ
ਮਨੁੱਖੀ ਦੇਹ ਅਕਾਸ਼ ਤੇ
ਅਕਾਸ਼ ਦੀ ਹੋਂਦ ਵਿਚ ਵਸਦੀ ਹੈ
ਮਨੁਖੀ ਦੇਹ 'ਚ ਅਕਾਸ਼ ਦਾ ਡੇਰਾ ਹੈ

-----

# ਹਵਾ ਆਪਣੀ ਹੋਂਦ ਦੀ ਤਲਾਸ਼ 'ਚ

ਮੈਂ ਹਵਾ
ਆਪਣੀ ਹੋਂਦ ਦੇ ਚਾਨਣ
ਬਿਨ ਸੱਖਣੀ ਹਾਂ
ਆਪਣੇ ਸੱਚ ਤੋਂ ਅਣਜਾਣ ਹਾਂ
ਮੈਂ ਕੌਣ ਹਾਂ ਕਿੱਥੋਂ ਆਈ ਹਾਂ
ਕਿੱਥੇ ਜਾਣਾ ਹੈ
ਮੈਨੂੰ ਇਸ ਦੀ ਸੂਝ ਨਹੀਂ ਹੈ
ਵਿਚਾਰ ਨਹੀਂ ਅਹਿਸਾਸ ਨਹੀਂ

-0-

ਆਪਣੀ ਦੇਹ ਵਿਚ ਵਸਦੀ
ਜਾਨ ਦੀ ਪਹਿਚਾਣ ਨਹੀਂ
ਮੇਰਾ ਪੈਂਡਾ ਅੰਬਰ ਤੋਂ
ਧਰਤੀਆਂ ਤਕ ਦਾ ਹੈ
ਮੈਂ ਹਵਾ
ਆਪਣੀ ਹੋਂਦ ਦੇ ਸੱਚ ਬਿਨ
ਠਹਿਰਾਓ ਹਾਂ ਗਤੀ ਰਹਿਤ ਹਾਂ

-0-

ਮੇਰਾ ਸੱਜਰਾਪਣ ਬੁੱਸ ਗਿਆ ਹੈ
ਮੇਰੀ ਪ੍ਰਕਿਰਤੀ ਮੁਰਝਾ ਗਈ ਹੈ
ਮੇਰੇ ਸਾਗਰਾਂ ਦਾ ਪਿੰਡਾਂ ਸੁੱਕ ਗਿਆ ਹੈ
ਮੇਰੇ ਜੰਗਲਾਂ ਵਿਚ ਪੱਤਝੜ ਛਾ ਗਈ ਹੈ
ਮੇਰੇ ਪਹਾੜਾਂ ਦੀ ਰੌਣਕ ਪੱਥਰਾ ਗਈ ਹੈ
ਮੇਰੇ ਚਿਹਰੇ ਤੇ ਵੀਰਾਨੀ ਆ ਗਈ ਹੈ

-0-

ਮੈਂ ਆਪਣੀ ਹੋਂਦ ਦੇ ਸੱਚ ਬਿਨ
ਨਾ ਸਹਿਰਾ ਨਾ ਰੇਤ ਹਾਂ
ਬੰਜਰ ਧਰਤ ਉੱਜੜਿਆ ਖੇਤ ਹਾਂ
ਮੈਂ ਹਰ ਪੱਤੇ ਦਾ ਸੋਕਾ ਹਾਂ
ਮੇਰੇ ਚੋਂ ਮੌਸਮ ਮਨਫ਼ੀ ਹਨ
ਬਹਾਰਾਂ ਆਲੋਪ ਹਨ

-0-

ਮੈਂ ਆਪਣੀ ਹੋਂਦ ਦੇ ਸੱਚ ਬਿਨ
ਚੁੱਪ ਹਾਂ ਉਦਾਸ ਹਾਂ
ਖੜ੍ਹੇ ਪਾਣੀਆਂ ਦੀ ਬਾਸ ਹਾਂ
ਆਪਣੇ ਚਿਹਰੇ ਦੀ ਪਲੱਤਣ ਹਾਂ
ਜੀਵਨ ਦਾ ਮੋਇਆ ਅਹਿਸਾਸ ਹਾਂ
ਕੁਦਰਤ ਦੀ ਬੇਰੌਣਕ ਹਾਂ
ਧਰਤੀ ਤੇ ਕਬਰਾਂ ਦਾ ਵਾਸ ਹਾਂ

-0-

ਮੈਂ ਹੋਂਦ ਦੇ ਸੱਚ ਬਿਨਾਂ
ਮਿੱਟੀ ਦੀ ਢੇਰੀ ਹਾਂ
ਪੱਥਰ ਵਜੂਦ ਹਾਂ
ਅਗਤੀਆਂ ਦਾ ਮਲਬਾ ਹਾਂ
ਖੰਡਰਾਂ ਦਾ ਢੇਰ ਹਾਂ
ਮੈਂ ਆਪਣੇ ਆਪ ਤਕ ਆਉਣ ਦਾ
ਵਿਸਰਿਆ ਰਾਹ ਹਾਂ
ਮੈਂ ਮੌਤ ਦੀ ਸੂਲੀ ਤੇ
ਮੁਰਦਾ ਅਦਾ ਹਾਂ

-0-

ਮੈਂ ਆਪਣੇ ਆਪ ਦੀ ਹਸਤੀ ਬਿਨਾਂ
ਜੀਵਨ ਦਾ ਹਨ੍ਹੇਰਾ ਹਾਂ
ਬਹਾਰਾਂ ਦੀ ਬੁੱਕਲ 'ਚ
ਉਜਾੜਾਂ ਦਾ ਢੇਰ ਹਾਂ
ਇਕ ਬੂੰਦ ਜਲ ਦੁਆਲੇ
ਸਹਿਰਾ ਦਾ ਘੇਰਾ ਹਾਂ
ਪੱਤਿਆਂ ਦੀ ਪੱਤਝੜ ਹਾਂ
ਰੁੱਖਾਂ ਦੁਆਲੇ ਉਦਾਸੀ ਦਾ
ਚੁਫੇਰ ਹਾਂ

-0-

ਮੈਂ ਹਵਾ
ਆਪਣੀ ਹੋਂਦ ਦੇ ਸੱਚ ਬਿਨਾਂ
ਅਗਤੀ ਸਮਾਨ ਹਾਂ
ਨਾ ਧਰਤੀ ਹਾਂ ਨਾ ਅਸਮਾਨ ਹਾਂ
ਨਾ ਜੀਵਨ ਨਾ ਮੌਤ ਹਾਂ
ਬੇਅਰਥਾ ਬੇਸ਼ਬਦਾ ਅਹਿਸਾਸ ਹਾਂ
ਹਵਾ ਦੀ ਹਵਾ ਨਾ ਹਵਾ ਦੇ ਪਾਸ ਹਾਂ

-0-

ਹਵਾ ਨੇ
ਆਪਣਾ ਆਪਾ ਛਾਣਿਆ
ਫਰੋਲਿਆ
ਆਪਣੇ 'ਚ ਛੁੱਪੀ ਹੋਂਦ ਦੇ ਸੱਚ ਨੂੰ
ਤਲਾਸ਼ਿਆ
ਆਪਣੇ ਪ੍ਰਾਣਾਂ ਦੇ ਸੱਚ ਲਈ

ਦੇਹ ਦਾ ਦਰਵਾਜ਼ਾ ਖੋਲ੍ਹਿਆ
ਆਪਣੇ ਆਪ ਨੂੰ
ਧਿਆਇਆ ਤੇ ਸਿਮਰਿਆ
ਆਪਣੇ ਆਪ ਨੂੰ ਜਾਗ ਲਾਈ
ਤੇ ਰਿੜਕਿਆ

-0-

ਹਵਾ ਨੇ
ਆਪਣੇ ਸੱਚ ਦਾ ਸੂਰਜ
ਆਪਣੇ ਪਿੰਡੇ 'ਚ ਤਰਦਾ ਵੇਖਿਆ
ਜਦ ਜਿਸਮ ਦੀ ਗਤੀ ਦੀ ਹੋਂਦ ਦਾ
ਦੀਵਾ ਜਗਿਆ
ਹਵਾ ਨੂੰ
ਆਪਣੇ ਪਿੰਡੇ ਚੋਂ ਪੁੰਗਰਦਾ
ਆਪਣਾ ਸੱਚ ਲੱਗਿਆ
ਖੰਭਾਂ ਚੋਂ ਪ੍ਰਵਾਜ਼ ਜਾਗਿਆ
ਆਪਾ ਪੂਜਿਆ
ਆਪਣੀ ਹੋਂਦ ਦੇ ਸੱਚ ਦਾ ਸੂਰਜ
ਮੱਥੇ 'ਚ ਜਗਦਾ ਪਾਇਆ

-0-

ਮੈਂ ਹਵਾ
ਪ੍ਰਕਿਰਤੀ ਦਾ ਪ੍ਰਾਣ ਹਾਂ
ਜਿਸਮ ਹਾਂ ਜਾਨ ਹਾਂ
ਮੈਂ ਹਾਂ ਤਾਂ ਜੀਵਨ ਦੀ ਹਸਤੀ ਹੈ
ਜੀਵਨ ਦੀ ਗਤੀ ਹੈ

ਪ੍ਰਾਣ ਜੀਵਨ ਗਤੀ ਦਾ ਅਧਾਰ ਹੈ
ਪ੍ਰਾਣ ਹੈ ਤਾਂ ਸੰਸਾਰ ਹੈ
ਪ੍ਰਾਣ ਸਿਰਫ਼ ਮੇਰਾ ਅਕਾਰ ਹੈ

-0-

ਮੈਂ ਰੰਗਾਂ ਖੁਸ਼ਬੂਆਂ ਦੇ ਖੰਭ ਹਾਂ
ਪ੍ਰਵਾਜ਼ ਹਾਂ
ਬਾਸਾਂ ਦੇ ਜੰਗਲ ਦੀ ਰੂਹ ਹਾਂ
ਆਵਾਜ਼ ਹਾਂ
ਜ਼ਿੰਦਗੀ ਦਾ ਗੀਤ ਹਾਂ
ਰੁੱਤਾਂ ਮੌਸਮਾਂ ਸੁਰਾਂ ਦਾ ਸਾਜ਼ ਹਾਂ
ਮੈਂ ਬ੍ਰਹਿਮੰਡਾਂ 'ਚ ਜਗਦੀ
ਪ੍ਰਾਣਾਂ ਦੀ ਜੋਤ ਹਾਂ
ਮੈਂ ਮਨੁੱਖ ਤੇ ਮਨੁੱਖਤਾ ਦਾ
ਜੀਵਨ ਸ੍ਰੋਤ ਹਾਂ
ਮੋਰ ਦੇ ਪੈਰਾਂ ਦਾ ਨਾਚ ਹਾਂ
ਕੋਇਲ ਦੇ ਕੰਠ ਦਾ ਬੋਲ ਹਾਂ

-0-

ਮੈਂ ਭਾਸ਼ਾ ਦੀ ਸੁਰ ਹਾਂ
ਸੱਚ ਸੁੰਦਰਤਾ ਦਾ ਸੁਮੇਲ ਹਾਂ
ਸਾਗਰ ਦੀ ਦੁਨੀਆਂ ਦਾ ਸਾਹ ਹਾਂ
ਧਰਤ ਤੇ ਅਕਾਸ਼ ਦੀ ਤ੍ਰਿਪਤੀ ਹਾਂ
ਮੈਂ ਧੁੱਪਾਂ ਦੀ ਮਹਿਕ ਹਾਂ
ਛਾਵਾਂ ਦਾ ਰੂਪ ਹਾਂ
ਤਿੱਤਲੀ ਦੇ ਪਰਾਂ ਦੀ ਆਹਟ ਹਾਂ

ਸ਼ਬਨਮ ਦਾ ਹੁਸਨ ਹਾਂ
ਚਾਨਣ ਦੀ ਵਾਟ ਹਾਂ
ਮੈਂ ਧਰਤੀ ਤੇ ਤੁਰਦੀ ਹਾਂ
ਅੰਬਰ 'ਚ ਘੁਲਦੀ ਹਾਂ
ਠੰਡਾ ਵਰਤਾਉਂਦੀ ਹਾਂ
ਜੀਵਨ ਸਿਰਜਦੀ ਹਾਂ

-0-

ਮੈਂ ਰੂਪ ਕਲੀਆਂ ਦਾ
ਅੱਖ ਭੌਰ ਦੀ ਹਾਂ
ਮਨੁੱਖ ਤੋਂ ਮਨੁੱਖਤਾ ਤਕ
ਅਵਾਜ਼ ਦੀ ਬਣ
ਸੁਰ ਗੁਜ਼ਰਦੀ ਹਾਂ
ਮਨੁੱਖਤਾ 'ਚ ਸੂਰਜ ਵਾਂਗ
ਜਗਦੀ ਹਾਂ
ਮਨੁੱਖੀ ਦੇਹ ਦੀ ਹਰਕਤ ਹਾਂ
ਅੰਬਰ ਦੀ ਨਿਹਮਤ ਹਾਂ
ਧਰਤੀ ਦੀ ਬਰਕਤ ਹਾਂ

-0-

ਰਾਗਾਂ ਦੀ ਸੁਰ ਹਾਂ
ਸਾਜ਼ਾਂ ਦੀ ਧੁੰਨ ਹਾਂ
ਜੰਗਲ ਦਾ ਗੀਤ ਹਾਂ
ਪੱਤਿਆਂ ਦੀ ਸਰਸਰ ਹਾਂ
ਕੋਇਲ ਦੇ ਕੰਠੀਂ ਮੇਰਾ ਵਸੇਰਾ ਹੈ
ਰਾਗਨੀਆਂ ਦੀ ਬਣਤਰ 'ਚ
ਸਵਾਸ ਮੇਰਾ ਹੈ

-0-

ਚਾਨਣ ਦੀ ਦੇਹ ਵਿਚ
ਮੇਰਾ ਡੇਰਾ ਹੈ
ਮੈਂ ਜੀਵਨ ਦੀ ਲੈਅ ਹਾਂ
ਵੇਦਾਂ ਸ਼ਾਸਤਰਾਂ ਦਾ ਗਿਆਨ ਹਾਂ
ਰਿਸ਼ੀਆਂ ਮੁਨੀਆਂ ਦਾ
ਸਿਮਰਨ ਧਿਆਨ ਹਾਂ
ਕੁਦਰਤ ਦਾ ਰੂਪ ਹਾਂ
ਜਗਤ ਪਹਿਚਾਣ ਹਾਂ

-0-

ਮੈਂ ਪੌਣ ਅਵਾਜ਼ ਦੀ ਦੁਨੀਆਂ
ਤੇ ਜੀਵਨ ਦੀ ਸ਼ਹਿਨਸ਼ਾਹ ਹਾਂ
ਮੰਦਰਾਂ ਮਸੀਤਾਂ ਗਿਰਜਾ ਘਰਾਂ
ਠਾਕੁਰ ਦੁਆਰਿਆਂ ਦੀ ਹੋਂਦ
ਦਾ ਸੱਚ ਹਾਂ
ਟੱਲੀਆਂ ਦੀ ਧੁੰਨ ਹਾਂ
ਸ਼ੰਖਾਂ ਦੀ ਗੂੰਜ ਹਾਂ

-0-

ਮੈਂ ਜੀਵਨ ਗਤੀ ਹਾਂ
ਮਾਨਵ ਉਮਰਾਂ ਦੀ ਬਰਕਤ ਹਾਂ
ਕੁਦਰਤ ਦੇ ਨਾਦ 'ਚ
ਅੰਬਰ ਦੀ ਤਰਬ ਹਾਂ
ਰੌਣਕਾਂ ਦਾ ਸੋਮਾ
ਖੁਸ਼ੀਆਂ ਦੀ ਗਰਭ ਹਾਂ

-0-

ਮੈਂ ਧਰਤ ਦਾ ਰਿਜ਼ਕ ਹਾਂ
ਬ੍ਰਹਿਮੰਡਾਂ ਦੀ ਗਤੀ ਹਾਂ
ਮੌਸਮ ਦੀ ਖਬਰ ਹਾਂ
ਮਾਨਵ ਦੀ ਜ਼ਰਬ ਹਾਂ
ਧਰਤੀ ਦੀ ਕੁੱਖ ਦਾ
ਵਿਸਥਾਰ ਹਾਂ
ਪੱਤਝੜ ਦੇ ਜੁੱਸੇ 'ਚ
ਵਸਦੀ ਬਹਾਰ ਹਾਂ
ਮਨੁੱਖਤਾ ਦਾ ਸੱਚ ਹਾਂ
ਜੀਵਨ ਦਾ ਅਧਾਰ ਹਾਂ

-0-

ਸਮਿਆਂ ਦੀ ਦੇਹ ਦੇ
ਮੈ ਆਰ ਪਾਰ ਹਾਂ
ਕੁਦਰਤ ਦੀ ਪੂਜਾ
ਕਾਦਰ ਦਾ ਦੁਆਰ ਹਾਂ
ਵਿਸ਼ਵ ਦੇ ਸਾਹਾਂ 'ਚ
ਰੱਬ ਦਾ ਉਤਾਰ ਹਾਂ
ਮਨੁੱਖ ਦੇ ਪਿੰਡੇ
ਕਾਦਰ ਦੀ ਨੁਹਾਰ ਹਾਂ

-0-

ਮੇਰੇ ਪੈਰਾਂ 'ਚ ਧਰਤ ਹੈ
ਸਿਰ ਤੇ ਅਕਾਸ਼ ਹੈ
ਮੈਂ ਖਲਾਅ ਦੇ ਅੰਦਰ
ਬਾਹਰ ਹਾਂ

ਖਲਾਅ ਦਾ ਜਿਸਮ ਹਾਂ
ਲਿਬਾਸ ਹਾਂ
ਮਨੁੱਖ ਦੀ ਹੋਂਦ ਹਾਂ
ਪ੍ਰਾਣਾਂ ਦਾ ਸੱਚ ਹਾਂ
ਕਾਇਨਾਤ ਦਾ ਜਿਸਮ ਹਾਂ
ਕਾਦਰ ਦੇ ਪਾਸ ਹਾਂ

-0-

ਪਹਾੜਾਂ ਦੀ ਰੂਹ ਹਾਂ
ਜੰਗਲਾਂ ਦੀ ਆਤਮਾ ਹਾਂ
ਦਰਿਆਵਾਂ ਨਦੀਆਂ ਦਾ
ਵਜੂਦ ਹਾਂ
ਸਾਗਰ ਦਾ ਚਿਹਰਾ
ਸ੍ਰਿਸ਼ਟੀ ਦਾ ਪਹਿਲਾ
ਹਰਫ਼ ਹਾਂ
ਧਰਤੀ ਦੇ ਆਦਿ ਤੋਂ
ਅੰਤ ਦਾ ਸਫ਼ਰ ਹਾਂ

-0-

ਮੇਰੇ ਕਈ ਰੂਪ ਹਨ
ਸਭ ਤੋਂ ਉਤਮ ਪ੍ਰਾਣ ਹੈ
ਜਿਸ ਦਾ ਸਦਕਾ ਜ਼ਹਾਨ ਹੈ
ਜਨਮ ਤੋਂ ਪਹਿਲਾਂ
ਤੇ ਮੌਤ ਤੋਂ ਪਿਛਲੇਰੇ ਸਫ਼ਰ
ਜਿੱਡਾ ਮੇਰਾ ਅਕਾਰ ਹੈ
ਮੇਰਾ ਹਰਫ਼ ਹੈ
ਜਮ੍ਹਾਂ ਤਕਸੀਮ ਹੈ ਜ਼ਰਬ ਹੈ

-0-

ਹਨ੍ਹੇਰੀਆਂ ਤੂਫ਼ਾਨਾਂ ਝੱਖੜਾਂ
ਦੀ ਹੋਂਦ ਹਾਂ
ਕੁਦਰਤ ਬ੍ਰਹਿਮੰਡਾਂ ਚੰਨਾਂ
ਸੂਰਜਾਂ ਤਾਰਿਆਂ ਅਕਾਸ਼ਾਂ
ਧਰਤੀਆਂ ਦੀ ਜੋਤ ਹਾਂ
ਮਨੁੱਖਾ ਜੀਵ ਜੰਤੂ
ਜੀਵਨ ਤੇ ਮੌਤ ਦੀ ਹੋਂਦ ਹਾਂ
ਮੇਰੇ ਸਦਕਾ
ਦੁਨੀਆਂ ਮਨੁੱਖਤਾ ਕੁਦਰਤ
ਬ੍ਰਹਿਮੰਡਾਂ ਤੇ ਜੀਵਨ ਦਾ ਵਜ਼ੂਦ ਹੈ
ਨਾ ਮੇਰੀ ਹੱਦ ਹੈ ਕੋਈ
ਨਾ ਮੇਰੀ ਹਦੂਦ ਹੈ

-0-

ਹਵਾ ਨੇ ਆਪਣੀ ਹੋਂਦ ਦਾ
ਸੱਚ ਜਾਤਾ
ਹਵਾ ਕੀ ਹੈ ਕੌਣ ਹੈ ਦਾ
ਯਥਾਰਥ ਪਛਾਤਾ
ਤੇ ਆਪਣੀ ਹੋਂਦ ਦਾ ਸੱਚ
ਮਨੁੱਖ ਦੇ ਜਿਸਮ 'ਚ ਧਰ ਦਿੱਤਾ
ਪ੍ਰਾਣਾਂ ਦੀ ਲੜੀ
ਮਨੁੱਖੀ ਦੇਹ 'ਚ ਉਤਾਰੀ
ਜੀਵਨ ਤੁਰਿਆ
ਮਨੁੱਖ ਤੇ ਜ਼ਿੰਦਗੀ ਉਸਾਰੀ

ਹਵਾ ਮਨੁੱਖ ਦੇ ਪ੍ਰਾਣ ਹੋ ਗੁਜ਼ਰੀ
ਮਨੁੱਖ ਦੀ ਧਰਤੀ
ਮਨੁੱਖ ਦਾ ਅਸਮਾਨ ਹੋ ਗੁਜ਼ਰੀ
ਮਨੁੱਖੀ ਜਿਸਮ 'ਚ
ਹਵਾਂ ਨੇ ਆਪਣਾ ਸੱਚ ਧਰ ਦਿੱਤਾ
ਕਰੋੜਾਂ ਸੂਰਜਾਂ ਸੰਗ
ਮਨੁੱਖ ਤੇ ਜ਼ਿੰਦਗੀ ਨੂੰ ਰੌਸ਼ਨ
ਕਰ ਦਿੱਤਾ

-----

## ਅੱਗਣ ਆਪਣੀ ਹੋਂਦ ਦੀ ਤਲਾਸ਼ 'ਚ

ਅੱਗਣ ਦੀ ਹੋਂਦ
ਅੱਗਣ ਦਾ ਸੱਚ ਤੇਜ਼
ਜਿਸ ਬਿਨ
ਅੱਗਣ ਯਕਲਖ਼ਤ ਠੰਡੀ
ਬਰਫ਼ ਦਾ ਵਜ਼ੂਦ ਹੈ

-0-

ਅੱਗਣ ਤੇਜ਼ ਬਿਨਾਂ
ਸਵਾਹ ਦਾ ਢੇਰ ਹੈ
ਅੱਗਣ ਆਪਣੀ ਹੋਂਦ
ਦੇ ਸੱਚ ਤੋਂ ਅਣਜਾਣ ਹੈ
ਆਪਣੇ ਰੂਪ ਆਪਣੇ ਵਜ਼ੂਦ ਤੋਂ
ਬੇਪਹਿਚਾਣ ਹੈ
ਆਪਣੀ ਪ੍ਰਕਿਰਤੀ
ਆਪਣੀ ਪ੍ਰਵਿਰਤੀ
ਆਪਣੀ ਲੋਅ ਦਾ ਗਿਆਨ ਨਹੀਂ

-0-

ਆਪਣੀ ਹੋਂਦ ਦਾ ਸੱਚ ਜਾਣੇ ਬਿਨਾਂ
ਅੱਗਣ ਹਨ੍ਹੇਰ ਸਮਾਨ ਹੈ
ਨਿੱਘ ਰੌਸ਼ਨੀ ਤਾਅ ਭਾਂਬੜ ਲਾਟ
ਆਪਣੇ ਰੂਪਾਂ ਤੋਂ ਵਾਕਿਫ਼ ਨਹੀਂ
ਅੱਗਣ
ਜਿਉਂ ਜੀਵਨ ਬਿਨਾਂ ਜਹਾਨ ਹੈ

-0-

ਅੱਗਣ ਲਈ
ਆਪਣੀ ਹੋਂਦ ਦਾ ਸੱਚ

ਜਾਣਨਾ ਜ਼ਰੂਰੀ ਹੈ
ਹੋਂਦ ਦੇ ਸੱਚ ਬਿਨਾਂ
ਅੱਗਣ ਆਪਣੇ ਆਪ 'ਚ
ਸੱਖਣੀ ਹੈ ਅਧੂਰੀ ਹੈ
ਕਬਰ ਦੀ ਮਿੱਟੀ ਦੀ ਢੇਰੀ ਹੈ
ਆਪਣੇ ਹੋਂਦਿਕ ਸੱਚ ਬਿਨਾਂ
ਅੱਗਣ ਹਨ੍ਹੇਰੀ ਹੈ
ਕਾਲਖ਼ ਦਾ ਮੁਜੱਸਮਾਂ ਹੈ
ਬੇਅਵਾਜ਼ ਨਗਮਾਂ ਹੈ

-0-

ਇਸਦੇ ਤੇਜ਼ ਦੀ ਹੋਂਦ 'ਚ ਹੀ
ਇਸਦੀ ਦੇਹ ਸਮਾਈ ਹੈ
ਆਪਣੀ ਹੋਂਦ ਦੇ ਸੱਚ ਬਿਨਾਂ
ਆਪਣੀ ਦੇਹ ਦੀ ਹਸਤੀ ਤੋਂ
ਅਣਜਾਣ ਹੈ
ਨਾ ਇਸਦਾ ਜਹਾਨ ਵਸੇਰਾ ਹੈ
ਨਾ ਇਸਦਾ ਵਸਨਾ ਜਹਾਨ ਹੈ

-0-

ਤੇਜ਼ ਬਿਨਾਂ ਹਨ੍ਹੇਰਿਆਂ ਦਾ ਜੰਗਲ ਹੈ
ਕਾਲਖ਼ਾਂ ਦਾ ਪਹਾੜ ਹੈ
ਅੰਧਕਾਰ ਦਾ ਪਸਾਰ ਹੈ
ਤੇਜ਼ ਬਿਨਾਂ
ਅਗਿਆਨਤਾ ਦੀ ਨਦੀ ਹੈ
ਕਾਲਿਆਂ ਪਾਣੀਆਂ ਨਾਲ ਭਰੀ ਹੈ

-0-

ਤੇਜ਼ ਬਿਨ
ਚਾਨਣ ਦਾ ਜੀਵਨ ਜੀਅ
ਨਹੀਂ ਸਕਦੀ
ਅੰਬਰ ਦੀ ਮਹਿਫ਼ਲ ਮਾਣ
ਨਹੀਂ ਸਕਦੀ
ਧਰਤੀ ਦੀ ਸੁਗੰਧ ਜਾਣ ਨਹੀਂ ਸਕਦੀ
ਆਪਣਾ ਚਿਹਰਾ
ਰੰਗ ਰੂਪ ਨਕਸ਼ ਤੇ ਅੰਗ ਪਹਿਚਾਣ
ਨਹੀਂ ਸਕਦੀ

-0-

ਆਪਣੀ ਹੋਂਦ ਦੇ ਸੱਚ ਦੀ ਭਾਲ 'ਚ
ਅੱਗਣ ਆਪਾ ਖੋਲ੍ਹਿਆ ਤੇ ਤੋਲਿਆ
ਆਪਣੇ ਆਪ ਨੂੰ ਚੀਰਿਆ
ਫਾੜਿਆ ਤੇ ਵਿਚਾਰਿਆ
ਹੋਂਦ ਦਾ ਸੱਚ ਜਾਣਨ ਦੀ ਲਗਨ
ਆਪਣੇ 'ਚ ਜਗਾ ਲਈ
ਗਗਨ ਦੇ ਥਾਲ ਦੀ ਆਰਤੀ
ਤਲੀਆਂ ਤੇ ਉੱਠਾ ਲਈ

-0-

ਆਪਣੇ ਆਪ ਦੀ ਪ੍ਰਕਰਮਾ ਕੀਤੀ
ਆਪਣੇ ਆਪ ਨੂੰ ਪੂਜਿਆ
ਆਪਣੇ ਆਪ ਦਾ ਮੰਤਰ ਉਤਾਰਿਆ
ਆਪਣੇ ਆਪ 'ਚ ਉਤਰੀ
ਆਪਣੀ ਪੂਜਾ ਢੋਈ

ਆਪਣੀ ਆਰਤੀ ਸਾਹਵੇਂ
ਆਪਣਾ ਆਪਾ ਖਲਿਆਰਿਆ

-0-

ਆਪਣੀ ਤਪਸ਼ ਨੂੰ ਠਾਰਿਆ
ਤੇ ਸੀਤ ਹੋ ਗਈ
ਆਪਣਾ ਕ੍ਰੋਧ ਸਾੜਿਆ
ਪ੍ਰੀਤ ਹੋ ਗਈ
ਸੀਤ ਮਨ ਚੋਂ
ਤੇਜ਼ ਦਾ ਅੰਕੁਰ ਪ੍ਰਗਟਿਆ
ਤੇ ਫੈਲਿਆ

-0-

ਅੱਗਣ ਦੇ ਸੀਤ ਪਿੰਡੇ ਚੋਂ
ਨਿੱਘ ਭੁਰਿਆ
ਤੇ ਅੱਗਣ ਦੀ ਨਸ ਨਸ 'ਚ
ਵਹਿ ਗਿਆ
ਤੇਜ਼ ਦਾ ਨੂਰ
ਅੱਗਣ ਦੇ ਪਿੰਡੇ ਚੋਂ ਸਿਮਿਆ
ਅੱਗਣ ਤੇਜ਼ 'ਚ ਘੁਲ ਗਈ
ਤੇਜ਼ ਦੇ ਨੂਰ 'ਚ ਉਤਰ ਗਈ
ਅੱਗਣ ਨੇ ਭਰਮ ਦਾ ਸਫ਼ਰ
ਮੁਕਾ ਲਿਆ
ਆਪਣਾ ਸੱਚ ਪਾ ਲਿਆ

-0-

ਅੱਗਣ ਨੂੰ
ਆਪਣੀ ਹੋਂਦ ਦੇ ਸੱਚ ਦਾ

ਗਿਆਨ ਹੋਇਆ
ਅੱਗਣ ਦੇ ਪਿੰਡੇ ਦੀ ਤਪਸ਼ ਘਟੀ
ਨੂਰ ਦਾ ਪ੍ਰਸਥਾਨ ਹੋਇਆ
ਅੱਗਣ ਨੂਰ
ਨੂਰ ਅੱਗਣ ਦਾ ਜਹਾਨ ਹੋਇਆ

-0-

ਅੱਗਣ ਨੇ
ਆਪਣੀ ਹੋਂਦ ਦੇ ਸੱਚ ਨੂੰ ਪਾ
ਸੱਚ ਆਪਣੇ 'ਚ ਵਸਾ ਜਾਣਿਆ
ਮੈਂ ਅੱਗਣ
ਬੀਜ ਤੋਂ ਰੁੱਖ ਦੇ ਪੱਤੇ ਪੱਤੇ 'ਚ ਵਸਦੀ ਹਾਂ
ਮੇਰੇ ਕਾਰਨ ਜ਼ਿੰਦਗੀ ਤੁਰਦੀ ਹੈ
ਅਕਾਸ਼ 'ਚ ਪਲਰਦੀ ਹੈ
ਹਨ੍ਹੇਰਿਆਂ 'ਚ ਜਗਦੀ ਹੈ
ਅੱਗਣ ਜੀਵ ਜੰਤੂਆਂ
ਪਸ਼ੂ-ਪੰਛੀਆਂ ਦੀ ਜਨਮ ਦਾਤੀ ਹੈ
ਗਿਆਨ ਦੀ ਕੁੱਖ ਹੈ
ਬ੍ਰਹਿਮੰਡਾਂ ਦੀ ਅਬਾਦੀ ਹੈ

-0-

ਚੰਨਾਂ ਸੂਰਜਾਂ ਤਾਰਿਆਂ
ਅਕਾਸ਼ਾਂ ਧਰਤੀਆਂ
ਪ੍ਰਕਿਰਤੀਆਂ ਨਦੀਆਂ ਦਰਿਆਵਾਂ
ਸਾਗ਼ਰਾਂ ਜੰਗਲਾਂ ਪਹਾੜਾਂ 'ਚ
ਇਸਦਾ ਵਸੇਰਾ ਹੈ

ਮਨੁੱਖਤਾ ਦੇ ਪਿੰਡੇ
ਤੇ ਮਸਤਕ ਦੀ ਜੋਤ 'ਚ
ਇਸਦਾ ਡੇਰਾ ਹੈ

-0-

ਹਰ ਇਕ ਰਾਤ ਦੇ ਪਿੰਡੇ 'ਚ ਮੱਘਦੀ ਹੈ
ਪ੍ਰਕਿਰਤੀ ਦੇ ਲਹੂ 'ਚ ਤੁਰਦੀ ਹੈ
ਬੱਦਲਾਂ ਦੇ ਜਿਸਮ 'ਚ ਰਹਿੰਦੀ ਹੈ
ਸਾਗਰ ਚੋਂ ਲਾਵਾ ਬਣਕੇ ਫੁੱਟਦੀ ਹੈ
ਪਹਾੜਾਂ ਦੀ ਹਿੱਕ ਚੋਂ ਨਿਕਲਦੀ ਹੈ
ਮਨੁੱਖੀ ਲਹੂ ਦੀ ਗਰਮੀ ਹੈ
ਸੂਰਜ ਤੋਂ ਕਿਰਨਾਂ ਹੋਕੇ
ਧਰਤੀ ਤੇ ਵਗਦੀ ਹੈ
ਧਰਤੀ ਦੀ ਕੁੱਖ ਚੋਂ
ਜੀਵਨ ਉੱਗਾਉਂਦੀ ਹੈ
ਅਕਾਸ਼ 'ਚ
ਚੰਨਾਂ ਸੂਰਜਾਂ ਤਾਰਿਆਂ ਦੇ
ਪਿੰਡਿਆਂ 'ਚ ਜਗਦੀ ਹੈ

-0-

ਜ਼ਿੰਦਗੀ ਜਨਮਦੀ ਹੈ
ਮੌਤ ਬੁੱਕਲ 'ਚ ਲਪੇਟਦੀ ਹੈ
ਜੀਵਨ ਦੇ ਠਰਦੇ ਅੰਗੀਂ
ਨਿੱਘ ਧਰਦੀ ਹੈ
ਧਰਤੀ ਦੀ ਸਮੱਗਰੀ ਦਾ
ਵਜੂਦ ਘੜਦੀ ਹੈ

ਮਨੁੱਖ ਤੇ ਪ੍ਰਕਿਰਤੀ ਦੇ ਅੰਗੀਂ
ਜਿਉਂਦੀ ਹੈ
ਜਲ ਦੇ ਪਿੰਡੇ 'ਚ ਵਸਦੀ ਹੈ

-0-

ਵੇਦਾਂ ਸ਼ਾਸਤਰਾਂ
ਤੇ ਕਾਲਿਆਂ ਅੱਖਰਾਂ ਦਾ ਚਾਨਣ ਹੈ
ਦੁਨੀਆਂ ਦੇ ਸਾਹਾਂ 'ਚ ਹੈ
ਸਾਹਾਂ ਦੇ ਜਹਾਨਣ ਹੈ
ਪੱਥਰਾਂ 'ਚ ਵਸਦੀ ਹੈ
ਹਰਿਆਵਲਾਂ ਵਿਚ ਰਹਿੰਦੀ ਹੈ
ਧੁੱਪਾਂ ਦੇ ਵਿਚ ਤੁਰਦੀ ਹੈ
ਛਾਵਾਂ ਦੇ ਵਿਚ ਬਹਿੰਦੀ ਹੈ
ਬੋਟਾਂ ਦੇ ਆਂਡਿਆਂ 'ਚ
ਜ਼ਿੰਦਗੀ ਲਈ ਰਾਹ ਬਣਾਉਂਦੀ ਹੈ
ਜ਼ਰਦੀ ਤੋਂ ਜਿਸਮ ਦੀ
ਬਣਤਰ 'ਚ ਢਲਦੀ ਹੈ

-0-

ਸਾਗਰਾਂ ਦੀ ਕੁੱਖ 'ਚ ਵਿਚਰਦੀ ਹੈ
ਸੂਰਜਾਂ ਦੇ ਕਿੰਗਰੇ
ਇਸ ਦਾ ਬੰਨੇਰਾ ਹੈ
ਮਨੁੱਖੀ ਜੀਵਨ ਗੁਜ਼ਾਰਨ 'ਚ
ਇਸਦੀ ਊਰਜਾ ਹੈ
ਧਰਤੀ ਦੇ ਸੀਨੇ ਚੋਂ ਫੁੱਟਦੀ ਹੈ

ਅੰਬਰ ਤੇ ਫੈਲਦੀ ਹੈ
ਮਨੁੱਖੀ ਹੋਂਦ ਦੀ ਜੋਤ 'ਚ ਸਮਾਈ ਹੈ
ਇਹ ਪਰੀ ਨਿੱਘ ਦੀ
ਅੰਬਰ ਤੋਂ ਧਰਤੀ ਤਕ ਨਜ਼ਰੀਂ ਆਈ ਹੈ

–0–

ਹਰ ਜੀਵ ਜੰਤੂ ਪਸ਼ੂ ਪੰਛੀ
ਬ੍ਰਹਿਮੰਡਾਂ ਅਕਾਸ਼ਾਂ ਪਤਾਲਾਂ 'ਚ
ਇਸ ਦਾ ਨੂਰ ਹੈ
ਇਸ ਦਾ ਤੇਜ਼ ਹੀ
ਕਾਦਰ ਦੇ ਨੂਰ 'ਚ ਸਮਾਇਆ ਹੈ
ਮਨੁੱਖ ਨੇ ਆਪਣੇ ਮਸਤਕ 'ਚ ਹੀ
ਇਸਦਾ ਤੇਜ ਪਾਇਆ ਹੈ
ਜੋ ਪੱਤੇ ਪੱਤੇ 'ਚ ਤੁਰਦਾ ਹੈ
ਜ਼ਰੇ ਜ਼ਰੇ 'ਚ ਸਮਾਇਆ ਹੈ

–0–

ਇਸਦਾ ਨੂਰ ਹੀ
ਧਰਤ ਦੀ ਸੁਗੰਧ 'ਚ ਵਸਦਾ ਹੈ
ਚੰਨ ਦੇ ਮੁੱਖੜੇ ਤੇ ਹੱਸਦਾ ਹੈ
ਕਿਰਨਾਂ 'ਚ ਤੁਰਦਾ ਹੈ
ਤਾਰਿਆਂ 'ਚ ਜਗਦਾ ਹੈ
ਸੂਰਜਾਂ 'ਚ ਮੱਘਦਾ ਹੈ
ਨੂਰ ਹੋਈ ਅੱਗ ਨੇ

ਆਪਣੀ ਹੋਂਦ ਦਾ ਸੱਚ
ਮਾਨਵ 'ਚ ਧਰ ਦਿੱਤਾ
ਮਾਨਵ ਦੀ ਦੇਹ ਨੂੰ
ਨੂਰ ਤੇ ਨਿੱਘ ਨਾਲ ਭਰ ਦਿੱਤਾ

-0-

ਮਾਨਵ ਚੋਂ
ਮਾਨਵਤਾ ਦੀ ਉਤਪੱਤੀ
ਵਿਸਥਾਰੀ ਗਈ
ਅੱਗਣ ਮਨੁੱਖ ਦੀ ਜੋਤ 'ਚ
ਮਨੁੱਖਤਾ ਦੇ ਪਿੰਡੇ
ਧਰਤੀ ਦੀ ਸੁਗੰਧ 'ਚ
ਉਤਾਰੀ ਗਈ
ਅੱਗਣ ਦੀ
ਇਕ ਦੁਨੀਆਂ ਉਸਾਰੀ ਗਈ
ਜੋ ਚੰਨਾਂ ਸੂਰਜਾਂ ਤਾਰਿਆਂ 'ਚ
ਨੂਰ ਧਰਦੀ ਹੈ
ਪ੍ਰਕਿਰਤੀ 'ਚ ਵਿਚਰਦੀ ਹੈ
ਕਾਦਰ ਦੇ ਨੂਰ 'ਚ ਉਠਦੀ
ਤੇ ਬਹਿੰਦੀ ਹੈ
ਮਨੁੱਖ ਦੇ ਸਵੈ ਨੂੰ
ਕਰਤਾ ਨਾਲ ਜੋੜਦੀ ਹੈ
ਮਨ ਦੇ ਜੋਤ ਸਰੂਪ ਚੋਂ ਬੋਲਦੀ ਹੈ
ਸੱਚ ਸੁਣਦੀ ਤੇ ਕਹਿੰਦੀ ਹੈ
ਅਹਮ ਸਾੜਦੀ ਹੈ ਤੂੰ ਹੀ ਤੂੰ ਪੁਕਾਰਦੀ ਹੈ.

-----

## ਜਲ ਆਪਣੀ ਹੋਂਦ ਦੀ ਤਲਾਸ਼ 'ਚ

ਜਲ ਦੀ ਹੋਂਦ ਰਸ ਹੈ
ਰਸ ਬਿਨਾਂ ਜਲ ਰੇਤ ਹੈ
ਖੁਸ਼ਕੀ ਦਾ ਢੇਰ ਹੈ
ਰਸ ਜਲ ਦੀ ਗਤੀ ਹੈ ਤੋਰ ਹੈ
ਰਸ ਜਲ ਦੀ ਹੋਂਦ ਦਾ ਸੱਚ ਹੈ
ਰਸ ਬਿਨ ਜਲ
ਅਗਤੀਆਂ ਦੁਆਲੇ
ਅਗਤੀਆਂ ਦਾ ਦੌਰ ਹੈ

-0-

ਜਲ ਆਪਣੀ
ਹੋਂਦ ਦਾ ਸੱਚ ਜਾਣੇ ਬਿਨਾ
ਆਪਣੇ ਵਜੂਦ ਦਾ ਸੱਚ
ਜਾਣ ਨਹੀਂ ਸਕਦਾ
ਆਪਣਾ ਆਦਿ ਆਪਣਾ ਅੰਤ
ਆਪਣਾ ਗੁਣ ਪਹਿਚਾਣ ਨਹੀਂ ਸਕਦਾ
ਰਸ ਬਿਨ ਜਲ ਕੋਲ
ਆਪਣੇ ਹੋਣ ਦਾ ਪ੍ਰਮਾਣ ਨਹੀਂ
ਆਪਣੀਆਂ ਗਤੀਆਂ ਵਿੱਧੀਆਂ
ਪ੍ਰਵਿਰਤੀਆਂ ਦਾ ਗਿਆਨ ਨਹੀਂ
ਜਲ ਨੂੰ ਜਲ 'ਚ ਵਗਦੇ
ਜਲ ਦੀ ਪਹਿਚਾਣ ਨਹੀਂ

-0-

ਜਲ ਆਪਣੀ ਹੋਂਦ ਦੇ ਸੱਚ ਬਿਨਾਂ

ਭਰਮ ਅਚੱਲ ਤੇ ਨਿਰਬਲ ਹੈ
ਨਾ ਤੁਰ ਸਕਦਾ ਨਾ ਚਲ ਸਕਦਾ
ਨਾ ਵਗ ਸਕਦਾ ਹੈ
ਨਾ ਦਰਿਆਵਾਂ ਨਦੀਆਂ
ਸਾਗਰ ਵਿਚ ਰਲ ਸਕਦਾ ਹੈ
ਨਾ ਜੰਗਲਾਂ ਨਾ ਪਹਾੜਾਂ ਵਿਚ
ਵਸ ਸਕਦਾ ਹੈ

-0-

ਰਸ ਤੇ ਰਸ ਦਾ ਸੱਚ ਜਾਣੇ ਬਿਨ
ਜਲ ਜੀਵਨ ਰਹਿਤ ਹੈ ਮੌਤ ਸਰੂਪ ਹੈ
ਆਪਣੀ ਸਮੱਗਰੀ ਤੋਂ ਅਣਜਾਣ ਹੈ
ਨਾ ਖੂਹੀਆਂ ਨਾ ਖੂਹਾਂ
ਨਾ ਝਰਨੇ ਚਸ਼ਮੇ ਦੇ ਪਾਣੀਆਂ ਦੀ
ਪਹਿਚਾਣ ਹੈ
ਆਪਣੇ ਦਰਪਣ ਚੋਂ ਹੀ ਜਲ
ਆਪਣਾ ਰੂਪ ਪਹਿਚਾਣ ਨਹੀਂ ਸਕਦਾ
ਆਪਣੇ ਅੰਗ ਆਪਣੇ ਨਕਸ਼
ਆਪਣਾ ਚਿਹਰਾ ਸਿਆਣ ਨਹੀਂ ਸਕਦਾ

-0-

ਜਲ ਰਸ ਦਾ ਸੱਚ ਜਾਣੇ ਬਿਨਾਂ
ਸਹਿਰਾ ਹੈ ਸੋਕਾ ਹੈ ਖੁਸ਼ਕੀ ਦਾ ਅਕਾਰ ਹੈ
ਕਿਸੇ ਨਹੀਂ ਕੰਮ ਦਾ ਬਸ ਬੇਕਾਰ ਹੈ
ਜਲ ਨੇ ਆਪਣੀ ਹੋਂਦ ਦੀ ਭਾਲ 'ਚ
ਆਪਣੇ ਆਪੇ ਦਾ ਘੁੱਟ ਭਰਿਆ

ਆਪਣੇ ਅੰਦਰ ਉਤਾਰਿਆ
ਆਪਣਾ ਅੰਦਰ ਫੋਲਿਆ
ਮਾਂਜਿਆਂ ਤੇ ਸੁਆਰਿਆ
ਆਪਣੀ ਹੋਂਦ ਦੀ ਲਗਨ ਨੂੰ
ਆਪਣੇ ਲਹੂ ਦੇ ਵਿਚ ਉਤਾਰਿਆ
ਆਪਾ ਸਮਝਿਆ ਪੁਣਿਆ ਤੇ ਛਾਣਿਆ

-0-

ਆਪਣੇ ਅੰਦਰਲੇ ਜਲ ਨੂੰ
ਬਾਹਰਲੇ ਜਲ ਦੁਆਲੇ ਓੜਿਆ
ਆਪਣਾ ਅੰਦਰ ਬਾਹਰਲੇ
ਜਲ ਦਰਪਣ ਚੋਂ ਵੇਖਿਆ
ਆਪਣੇ ਨਕਸ਼ ਅੰਗ ਜਿਸਮ
ਤੇ ਰੰਗ ਨੂੰ
ਆਪਣੇ ਜ਼ਿਹਨ 'ਚ ਉਤਾਰਿਆ

-0-

ਜਲ ਨੂੰ ਆਪਣੀ ਸ਼ਕਤੀ ਦਾ
ਅਭਿਮਾਨ ਨਜ਼ਰ ਆਇਆ
ਅਭਿਮਾਨ ਦੀ ਕਾਲਖ਼ ਨੂੰ
ਜਲ ਨੇ ਆਪਣੇ ਜਲ ਸੰਗ ਧੋਤਾ
ਨਿਮਰਤਾ ਸ਼ਹਿਨਸ਼ੀਲਤਾ ਦਇਆ ਨੂੰ
ਆਪਣੇ ਪਿੰਡੇ 'ਚ ਉਤਾਰਿਆ
ਮਿਟਿਆ ਜਦ ਅਭਿਮਾਨ ਜਲ ਦਾ
ਜਲ ਨੇ ਰੂਪ ਸਹਿਰਾ ਦਾ ਧਾਰਿਆ
ਸਹਿਰਾ ਹੋਏ ਰੂਪ ਨੂੰ ਜਲ ਨੇ

ਪੌਣਾਂ ਵਿਚ ਇਸ਼ਨਾਨਿਆਂ
ਕਰਕੇ ਸ਼ੁੱਧ ਆਪਣਾ ਆਪਾ
ਪੂਜਾ ਤੇ ਬਿਠਾਇਆ
ਆਪਣੀ ਪੂਜਾ ਸਮੱਗਰੀ ਜਲ
ਰਸ ਚਰਨਾਂ ਵਿਚ ਰੱਖੀ
ਜਲ ਨੇ ਰਸ ਨੂੰ
ਜਲ ਦਾ ਅਰਘ ਚੜ੍ਹਾਇਆ
ਆਪਣਾ ਆਪ ਸਿਮਰ ਧਿਆਇਆ
ਜਲ ਦੇ ਸਹਿਰਾ ਰੂਪ ਚੋਂ
ਰਸ ਪੁੰਗਰਦਾ ਨਜ਼ਰੀਂ ਆਇਆ।

-0-

ਰਸ ਜਦ ਸਹਿਰਾ ਰੂਪ ਹੋਏ
ਜਲ ਦੀ ਦੇਹ 'ਚ ਫੈਲਿਆ
ਤਰਲਤਾ ਸੀਤਲਤਾ ਵੇਗ ਤੇ ਗਤੀਆਂ
ਜਲ ਦੇ ਪਿੰਡੇ ਤਰੀਆਂ
ਜਲ ਨੇ ਜਦ ਹੋਂਦ ਦਾ ਸੱਚ
ਪਿੰਡੇ ਚੋਂ ਪ੍ਰਗਟਦਾ ਤੱਕਿਆ
ਜਲ ਦੇ ਮੱਥੇ ਜਲ ਦੀ ਹੋਂਦ ਦੇ
ਸੱਚ ਦਾ ਦੀਵਾ ਬਲਿਆ

-0-

ਜਲ ਨੂੰ ਆਪਣੇ ਆਦਿ ਅੰਤ
ਸੱਚ ਦਾ ਪਤਾ ਲੱਗਾ
ਸੰਸਾਰਕ ਪ੍ਰਕਿਰਤੀਆਂ
ਸਾਰੇ ਬ੍ਰਹਿਮੰਡ ਮਨੁੱਖ ਮਨੁੱਖਤਾ

ਜਲ ਪਿੰਡੇ ਆ ਵਸੇ
ਜ਼ਲ ਨੂੰ ਆਪਣੀ ਹੋਂਦ ਸਮੱਗਰੀ ਦਾ
ਅਨੁਭਵ ਹੋਇਆ
ਭਾਫ਼ ਬੱਦਲ ਧੁੱਪ ਤੇ ਸਾਗਰ 'ਚ
ਗਿਆ ਜਲ ਪਰੋਇਆ

-0-

ਜਲ ਰਸ 'ਚ
ਰਸ ਜਲ 'ਚ ਗਿਆ ਸਮੋਇਆ
ਜਲ ਦੇ ਪਿੰਡੇ ਰਸ ਦੀ ਜੋਤ ਜਗੀ
ਭਾਫ਼ ਬੱਦਲ ਸਹਿਰਾ ਤੇ ਜਲ
ਰੂਪ ਏਕਤਾ ਦਾ ਹੋਇਆ
ਜਲ ਦਾ ਪਿੰਡਾ
ਰਸ ਚਾਨਣ ਦੇ ਨੂਰ 'ਚ ਗਿਆ
ਪਰੋਇਆ
ਜਲ ਰਸ ਦਾ ਰਸ ਜਲ ਦਾ ਹੋਇਆ

-0-

ਜਲ ਦੇ ਪਿੰਡਿਉਂ
ਨਦੀ ਚਾਨਣ ਦੀ ਵਗੀ
ਜਲ ਦੀ ਚੇਤਨਾ
ਸੱਚ ਦੇ ਰੰਗ 'ਚ ਰੰਗੀ
ਜਲ ਧਰਤੀ ਤੇ ਜੀਵਨ ਦਾ ਸੋਮਾ ਹੈ
ਜਲ ਹੈ ਤਾਂ ਪ੍ਰਕਿਰਤੀ ਹੈ ਜੀਵਨ ਹੈ
ਜਲ ਨਹੀਂ ਤਾਂ ਪ੍ਰਕਿਰਤੀ ਦੁਆਲੇ
ਮਨੁੱਖਤਾ ਦੁਆਲੇ ਤਪਦਾ ਸਹਿਰਾ ਹੈ

ਜਲ ਹੈ
ਤਾਂ ਧਰਤੀ ਦੀ ਕੁੱਖ ਹਰੀ ਹੈ
ਧਰਤੀ ਦੀ ਝੋਲੀ
ਰਹਿਮਤਾਂ ਨਿਹਮਤਾਂ ਨਾਲ ਭਰੀ ਹੈ

-0-

ਮਨੁੱਖਾ ਜੀਵਨ ਦੇ ਨਿਰਬਾਹ ਲਈ
ਧਰਤੀ ਤੋਂ ਵੀ ਵੱਧ ਜਲ ਦੀ ਦੇਣ ਹੈ
ਜਲ
ਮਨੁੱਖ ਮਨੁੱਖਤਾ ਜੀਵਨ ਨੂੰ
ਆਪਣੀ ਕੁੱਖ ਚੋਂ ਇੰਨਾ ਕੁਝ ਭੇਂਟ ਹੈ ਕਰਦਾ
ਕਿ ਮਨੁੱਖਤਾ ਦੀ ਪੌਣੀ ਭੁੱਖ ਹੈ ਜਰਦਾ
ਪਦਾਰਥਾਂ ਦੀ ਖਾਣ ਹੈ ਜਲ ਦਾ ਸਾਗਰ
ਜਲ ਹੈ ਤਾਂ ਹੈ ਵਜ਼ੂਦ ਸਾਗਰ ਦਾ
ਜਲ ਨਹੀਂ ਤਾਂ ਸਹਿਰਾ ਹੈ ਰੂਪ ਸਾਗਰ ਦਾ

-0-

ਜਲ ਨੇ ਆਪਣਾ ਮੂਲ ਪਛਾਤਾ
ਆਪਣੀ ਹੋਂਦ ਦੇ ਸੱਚ ਨੂੰ ਜਾਤਾ
ਜਲ ਦਾ ਮੂਲ ਥਲ ਦੀ ਕੁੱਖ ਹੈ
ਜਲ ਦਾ ਅੱਜ ਕੱਲ੍ਹ ਤੇ ਭਵਿੱਖ ਥਲ ਹੈ
ਥਲ ਚੋਂ ਜਨਮਿਆਂ ਜਲ
ਥਲ ਵਿਚ ਹੀ ਸਮਾਉਣਾ ਹੈ
ਥਲ ਚੋਂ ਆਇਆ
ਥਲ ਵਿਚ ਹੀ ਤੁਰ ਜਾਣਾ ਹੈ

-0-

ਸਾਰੀ ਉਮਰ ਜਲ

ਜਲ ਦੀ ਜੂਨ ਹੰਢਾਉਂਦਾ ਹੈ
ਜਲ ਤੋਂ ਥਲ ਹੋ ਕੇ ਜਲ
ਆਪਣੇ ਰਸ ਦਾ ਸੱਚ ਪਾਉਂਦਾ ਹੈ
ਜਲ ਬੱਦਲ ਬਣ ਧਰਤੀ ਚੋਂ ਉੱਠਦਾ ਹੈ
ਅੰਬਰ ਤੋਂ ਬਰਸਦਾ ਹੈ
ਧਰਤੀ ਦੀ ਕੁੱਖੋਂ ਅੰਨ ਜਨਮਦਾ ਹੈ
ਜਲ ਮਨੁੱਖ ਤੋਂ ਮਨੁੱਖਤਾ ਤਕ ਤੁਰਦਾ ਹੈ
ਮਨੁੱਖ ਤੋਂ ਮਨੁੱਖਤਾ 'ਚ ਬਦਲਦਾ ਹੈ

-0-

ਜਲ ਜਲ ਦੇ ਪਿੰਡੇ 'ਚ
ਬੀਜ ਮਾਨਵਤਾ ਦੇ ਬੀਜਦਾ ਹੈ
ਜਲ ਮਨੁੱਖ ਤੇ ਮਾਨਵਤਾ ਦੀ
ਰੀਝ ਪਸੀਜਦਾ ਹੈ
ਦਰਿਆ ਨਦੀਆਂ ਪਹਾੜ
ਜੰਗਲ ਸਾਗਰ
ਸਭ ਜਲ ਦਾ ਦਮ ਭਰਦੇ ਹਨ
ਜਲ ਦੇ ਪਿੰਡੇ 'ਚ ਜਿਉਂਦੇ ਹਨ
ਜਲ ਦੇ ਪਿੰਡੇ 'ਚ ਮਰਦੇ ਹਨ

-0-

ਅੱਧੀ ਦੁਨੀਆਂ ਦਾ ਵਸੇਰਾ
ਜਲ ਦਰਪਣਾਂ ਤੇ ਵੱਸਦਾ ਹੈ
ਧਰਤੀ ਦੀ ਭੁੱਖ ਤ੍ਰਿਪਤੀ
ਜਲ
ਧਰਤੀ ਨੂੰ ਅਰਪਣ ਕਰਦਾ ਹੈ

ਧਰਤੀ ਦੀ ਇੱਛਾ ਜਲ ਹੈ
ਧਰਤੀ ਦੀ ਜ਼ਿੰਦਗੀ ਜਲ ਹੈ
ਜੀਵਨ ਜਲ ਹੈ
ਮਨੁੱਖ ਤੇ ਮਨੁੱਖਤਾ ਜਲ ਹੈ
ਧਰਤੀ ਦੀ ਹਰਿਆਵਲੀ ਜੜ੍ਹ ਜਲ ਹੈ
ਧਰਤੀ ਦਾ ਪਹਿਨਣ ਤੇ ਅੰਨ ਪੂਰਤੀ ਜਲ ਹੈ
ਧਰਤੀ ਦਾ ਅੱਜ ਕੱਲ੍ਹ
ਤੇ ਆਉਣ ਵਾਲਾ ਕੱਲ੍ਹ ਜਲ ਹੈ
ਜਲ ਹੈ ਤਾਂ ਧਰਤੀ 'ਚ ਜਾਨ ਹੈ
ਜਲ ਬਿਨਾਂ ਧਰਤੀ ਕਬਰਸਤਾਨ ਹੈ

-0-

ਧਰਤੀ ਜੋ ਜਨਮਦੀ ਤੇ ਹੰਢਾਉਂਦੀ ਹੈ
ਜਲ ਦੀ ਰਹਿਮਤ ਤੇ ਨਿਹਮਤ ਤੋਂ ਪਾਉਂਦੀ ਹੈ
ਧਰਤੀ ਦਾ
ਸੱਚ ਸੁੰਦਰਤਾ ਕਲਿਆਣ ਜਲ ਹੈ
ਧਰਤੀ ਦੀ ਵਜ਼ੂਦ ਸਮੱਗਰੀ ਦਾ
ਸਮਾਨ ਜਲ ਹੈ

-0-

ਜਲ ਬਿਨ ਧਰਤੀ ਤੇ ਜੀਵਨ
ਮੁਰਝਾ ਜਾਂਦਾ ਹੈ
ਧਰਤੀ ਦਾ ਹੁਸਨ ਜਵਾਨੀ
ਤੇ ਮਾਂ ਮਮਤਾ
ਜਲ ਬਿਨ

ਧਰਤੀ ਦਾ ਬੰਜਰਪਣ ਖਾ ਜਾਂਦਾ ਹੈ
ਆਪਣੀ ਹੋਂਦ ਦਾ ਸੱਚ ਜਾਣਨ ਪਿੱਛੋਂ
ਜਲ ਇਹ ਜਾਤਾ
ਜਲ ਧਰਤੀ ਤੇ ਮਨੁੱਖਤਾ ਦਾ ਹੈ ਵਿਧਾਤਾ

-0-

ਜਲ ਦਾ ਰਸ
ਧਰਤੀ ਕੁਦਰਤ ਤੇ ਮਨੁੱਖਾ ਜੀਵਨ ਦੀ
ਕਾਰਜ ਪ੍ਰਣਾਲੀ ਹੈ
ਜਲ ਹੀ ਹੈ
ਜਿਸ ਧਰਤੀ ਤੇ ਜੀਵਨ ਨਦੀ ਉਤਾਰੀ ਹੈ
ਪ੍ਰਕਿਰਤੀ ਦੀ ਦੁਨੀਆਂ ਜਲ ਹੈ
ਜੜ੍ਹਾਂ ਤੋਂ ਪੱਤੇ ਤਕ ਜਲ ਦਾ ਵਕਾਰ ਹੈ
ਪ੍ਰਕਿਰਤੀ ਦੇ ਰੰਗ ਹੁਸਨ 'ਚ
ਜਲ ਦੀ ਨੁਹਾਰ ਹੈ

-0-

ਮੌਸਮਾਂ ਬਹਾਰਾਂ ਰੁੱਤਾਂ
ਰੰਗਾਂ ਖੁਸ਼ਬੂਆਂ ਫੁੱਲਾਂ ਕਲੀਆਂ
ਫੱਲਾਂ 'ਚ ਜਲ ਦਾ ਰਸ ਹੈ
ਪਹਾੜਾਂ ਦੀ ਦੇਹ 'ਚ ਜਲ ਹੈ
ਜੰਗਲਾਂ ਦੇ ਪਿੰਡਿਆਂ 'ਚ ਜਲ ਹੈ
ਸਹਿਰਾ ਦੀ ਤ੍ਰਿਸ਼ਨਾ ਜਲ ਹੈ
ਕਾਇਨਾਤ ਦਾ ਪਿੰਡਾ ਜਲ ਹੈ
ਸ੍ਰਿਸ਼ਟੀ ਦਾ ਆਦਿ ਅੰਤ ਭਵਿੱਖ ਜਲ ਹੈ
ਮਾਨਵਤਾ ਦੀ ਕੁੱਖ ਜਲ ਦੀ ਪਿਆਸ ਹੈ

ਸਾਰੀ ਧਰਤੀ ਤੇ ਬ੍ਰਹਿਮੰਡਤਾ
ਜਲ ਦੇ ਪਿੰਡੇ ਦਾ ਵਾਸ ਹੈ

-0-

ਜਲ ਸਾਗਰ ਦੀ
ਆਪਣੀ ਦੁਨੀਆਂ ਹੈ
ਆਪਣੀ ਸਮੱਗਰੀ ਆਪਣਾ
ਵਿਸਥਾਰ ਹੈ
ਜਿੱਥੇ ਜੀਵਨ ਉੱਥੇ ਜਲ ਹੈ
ਜਿੱਥੇ ਜਲ ਉੱਥੇ ਜੀਵਨ ਹੈ
ਜਲ ਬਿਨ ਜੀਵਨ ਥਲ ਹੈ
ਸਾਗਰ ਦੀ ਦੁਨੀਆਂ
ਸਾਗਰ ਦਰਪਣ ਤੋਂ ਬਿਨਾਂ
ਕੁੱਝ ਹੋਰ ਹੈ
ਸਾਗਰ ਵਿਚਲੇ ਜੀਵ-ਜੰਤੂਆਂ
ਦੇ ਰੂਪ ਵੱਖਰੇ ਹਨ ਰੰਗ ਵੱਖਰੇ ਹਨ
ਪਰ ਹੋਂਦ ਇਕੋ ਹੈ
ਸਾਗਰ ਵਿਚ ਜਗਦੀ ਜੋਤ
ਇਕੋ ਹੈ
ਜੇ ਜਲ ਦੀ ਹੋਂਦ ਰਸ ਹੈ
ਤਾਂ ਜੋਤ ਰਸ ਦਾ ਸੱਚ ਹੈ

-0-

ਜਲ ਨੇ ਆਪਣੀ ਹੋਂਦ ਦੇ ਸੱਚ ਨੂੰ
ਮਨੁੱਖੀ ਜਿਸਮ ਵਿਚ ਧਰ ਦਿੱਤਾ

ਹਰਿਆਵਲ ਉਤਪੱਤੀ
ਵੇਗ ਤੇ ਠੰਡਕ਼ ਦਾ ਚਾਨਣ
ਮਾਨਵ ਮਿੱਟੀ ਵਿਚ ਕਰ ਦਿੱਤਾ
ਮਨੁੱਖ ਜਲ ਦੀ ਹੋਂਦ ਸਦਕਾ
ਬੂੰਦ ਤੋਂ ਸਾਗਰ ਹੋਇਆ ਹੈ
ਜਲ ਦੇ ਰਸ ਸੰਗ ਤੁਰਿਆ
ਮਨੁੱਖਤਾ ਦੇ ਸਾਗਰ 'ਚ
ਗਿਆ ਪਰੋਇਆ ਹੈ
ਮਨੁੱਖ ਤੋਂ ਮਨੁੱਖਤਾ ਹੋਇਆ ਹੈ

------

# ਧਰਤੀ ਆਪਣੀ ਹੋਂਦ ਦੀ ਤਲਾਸ਼ 'ਚ

ਧਰਤੀ ਦੀ ਹੋਂਦ ਸੁਗੰਧ ਹੈ
ਧਰਤੀ ਦੀ ਹੋਂਦ ਦਾ ਸੱਚ ਨੂਰ ਹੈ
ਸੁਗੰਧ ਬਿਨਾਂ ਧਰਤ ਬਾਸੀ ਤੇ ਬਾਂਝ ਹੈ
ਹੋਂਦ ਬਿਨਾਂ ਧਰਤੀ ਜਜ਼ਬੇ ਰਹਿਤ ਹੈ
ਕੰਧਾਂ ਤੇ ਤੁਰਨ ਦਾ ਭਰਮ ਹੈ
ਹੋਂਦ ਬਿਨਾਂ ਧਰਤੀ
ਬਿਨ ਫੱਲਾਂ ਕਰਮ ਹੈ
ਨਾ ਧਰਤੀ ਦੀ ਕੋਈ ਉਕਾਤ ਹੈ
ਨਾ ਨਿਯਮ ਹੈ ਨਾ ਧਰਮ ਹੈ
ਧਰਤੀ ਆਪਣੀ ਹੋਂਦ ਦੇ ਸੱਚ ਬਿਨਾਂ
ਰੂੜੀ ਦਾ ਢੇਰ ਹੈ
ਗੰਧਗੀ ਦਾ ਪਹਾੜ ਹੈ
ਕਬਰਾਂ ਦਾ ਪਸਾਰ ਹੈ

-0-

ਹੋਂਦ ਬਿਨਾਂ ਧਰਤੀ
ਆਪਣੇ ਚਿਹਰੇ ਆਪਣੇ ਸੱਚ ਤੋਂ
ਅਣਜਾਣ ਹੈ
ਧਰਤੀ ਨੂੰ ਆਪਣੀ ਉਤਪੱਤੀ
ਆਪਣੀ ਬੁੱਕਲ ਨਾ ਕੁੱਖ ਦਾ ਗਿਆਨ ਹੈ
ਧਰਤੀ ਆਪਣੀ ਹੋਂਦ ਦੇ ਸੱਚ ਤੋਂ ਜਾਣੂ ਨਹੀਂ
ਇਸ ਲਈ ਆਪਣੀ ਸ਼ਨਾਖਤ ਤੋਂ
ਸੱਖਣੀ ਹੈ
ਆਪਣੇ ਚਿਹਰੇ ਦੀ ਪ੍ਰਮਾਣ ਨਹੀਂ

ਆਪਣੇ 'ਚ ਵਸਦੀ
ਆਪਣੀ ਮਹਿਕ ਦੀ ਅਨੁਭਵੀ ਨਹੀਂ
ਮਨੁੱਖਤਾ ਦੀ ਦੇਹ 'ਚ ਵਸਦੀ
ਆਪਣੀ ਮਿੱਟੀ ਦੀ ਖਬਰ ਨਹੀਂ

-0-

ਆਪਣੀ ਹੋਂਦ ਦੇ ਸੱਚ ਬਿਨਾਂ
ਧਰਤੀ ਪੱਥਰ ਹੈ ਖੰਡਰ ਹੈ ਉਜਾੜ ਹੈ
ਮੌਸਮਾਂ ਦੀ ਤਲੀ ਤੇ ਸੋਗੀ ਬਹਾਰ ਹੈ
ਅੰਬਰ ਦੇ ਦਰਪਣ ਚੋਂ ਵੀ
ਆਪਣਾ ਚਿਹਰਾ ਵੇਖ ਨਹੀਂ ਸਕਦੀ
ਕਿਰਨਾਂ ਦਾ ਨਿੱਘ ਮਾਣ ਨਹੀਂ ਸਕਦੀ
ਚੰਨ ਦੀ ਚਾਂਦਨੀ ਤੇ ਰਿਸ਼ਮਾਂ
ਪਹਿਚਾਣ ਨਹੀਂ ਸਕਦੀ
ਆਪਣੇ 'ਚ ਘੁਲੀ ਪ੍ਰਕਿਰਤੀ
ਇਹਦੇ ਲਈ ਗ਼ੈਰ ਹੈ
ਆਪਣੀ ਹੀ ਕੁੱਖ ਦਾ
ਧਰਤੀ ਨਾਲ ਵੈਰ ਹੈ
ਹੋਂਦ ਦੇ ਚਾਨਣ ਬਿਨਾਂ
ਧਰਤੀ
ਕਬਰਾਂ ਦੀ ਚੁੱਪ ਸਮਾਨ ਹੈ

-0-

ਆਪਣੀ ਹੋਂਦ ਦਾ ਸੱਚ ਚਾਣਨ ਲਈ
ਧਰਤੀ ਆਪਣਾ ਆਪ ਖੋਲ੍ਹਦੀ ਹੈ
ਆਪਣੀ ਸੁਗੰਧ ਜਾਣਨ ਲਈ

ਆਪਣਾ ਅੰਗ ਅੰਗ
ਨਕਸ਼ ਨਕਸ਼ ਫੋਲਦੀ ਹੈ
ਆਪਣੀਆਂ ਰਗਾਂ 'ਚ ਗਿੜਦੇ
ਲਹੂ 'ਚ ਉਤਰਦੀ ਹੈ
ਆਪਣਾ ਅੰਦਰ ਗਾਹੁੰਦੀ ਹੈ
ਆਪਣੀਆਂ ਨਜ਼ਰਾਂ 'ਚ
ਆਪਾ ਤੋਲਦੀ ਹੈ
ਆਪਾ ਉਧੇੜਦੀ ਹੈ ਜੋੜਦੀ ਹੈ

-0-

ਹੋਂਦ ਦਾ ਸੱਚ ਧਰਤੀ ਚੋਂ ਬੋਲਦਾ ਹੈ
ਤੂੰ ਆਪ ਆਪਣੀ ਹੋਂਦ ਹੈਂ
ਤੂੰ ਆਪ ਆਪਣਾ ਸੱਚ ਹੈਂ.
ਤੂੰ ਆਪ ਆਪਣੀ ਚੁੱਪ ਹੈਂ
ਤੂੰ ਆਪ ਆਪਣਾ ਬੋਲ ਹੈਂ
ਤੂੰ ਆਪ ਸਾਰੀ ਦੀ ਸਾਰੀ ਸੁਗੰਧ ਹੈਂ
ਤੂੰ ਆਪਣੀ ਸੁਗੰਧ 'ਚ
ਆਪ ਇੰਨਾ ਘੁਲ ਗਈ
ਕਿ ਆਪਣੀ ਪਹਿਚਾਣ ਭੁੱਲ ਗਈ
ਸੁਗੰਧ ਦੀ ਪਹਿਚਾਣ ਹੋ ਗਈ
ਧਰਤੀ ਚੋਂ ਧਰਤੀ ਆਲੋਪ ਹੋ ਗਈ

-0-

ਆਪਣੀ ਸੁਗੰਧ ਚੋਂ
ਤੂੰ ਆਪਾ ਸਿਰਜ ਐ ਧਰਤੀ

ਆਪਣਾ ਪਿੰਡਾ ਹੰਢਾਅ
ਸਿਰ ਤੋਂ ਪੈਰਾਂ ਤੀਕਣ
ਆਪਣੇ 'ਚ ਉਤਰ ਜਾ
ਧਰਤੀ ਆਪਣੀ ਸੁਗੰਧ ਚੋਂ
ਜਦ ਜਿਸਮ ਆਪਣਾ ਸਿਰਜਿਆ
ਨੂਰ ਦਾ ਨੂਰ ਹੋ ਗਈ
ਖੁਸ਼ਬੂਆਂ 'ਚ ਡੁੱਲ੍ਹ ਗਈ
ਰੰਗਾਂ 'ਚ ਘੁਲ ਗਈ
ਆਪਣੀ ਸੁਗੰਧ 'ਚ ਤੁਰੀ
ਆਪਣੀ ਸੁਗੰਧ 'ਚ ਖਲੋ ਗਈ
ਸੁਗੰਧ ਤੋਂ ਧਰਤ
ਧਰਤ ਤੋਂ ਸੁਗੰਧ ਹੋ ਗਈ

-0-

ਧਰਤੀ ਦੀ ਹੋਂਦ
ਜਦ ਧਰਤੀ ਦੇ ਮੱਥੇ 'ਚ ਜਗੀ
ਧਰਤੀ ਆਪਣੇ ਆਪ ਨੂੰ
ਹੋਂਦ ਦਾ ਸੱਚ ਲੱਗੀ
ਧਰਤ ਦੀ ਜੋਤ
ਨੂਰ ਦੇ ਵਿਚ ਰਲ ਗਈ
ਤੇਜ਼ ਦੇ ਵਿਚ ਢਲ ਗਈ

-0-

ਧਰਤੀ ਦੀ ਗੋਦ 'ਚ
ਪਹਾੜਾਂ ਜੰਗਲਾਂ ਨਦੀਆਂ
ਦਰਿਆਵਾਂ ਸਾਗਰਾਂ ਦਾ ਵਸੇਰਾ ਹੈ

ਧਰਤੀ ਦੀ ਕੁੱਖ ਚੋਂ ਪ੍ਰਕਿਰਤੀ ਜਨਮਦੀ ਹੈ
ਹਰਿਆਵਲ ਦੀ ਚਾਦਰ
ਧਰਤੀ ਨੇ ਦੁਆਲੇ ਓੜੀ ਹੈ
ਸਵਰਗ ਜਿਹੀ ਦੁਨੀਆਂ
ਆਪਣੀ ਹਿੱਕ 'ਚ ਵਸਾਈ ਹੈ
ਰੰਗਾਂ ਰੁੱਤਾਂ ਮੌਸਮਾਂ ਬਹਾਰਾਂ
ਫੁੱਲਾਂ ਪੱਤੀਆਂ ਦੀ ਰੌਣਕ
ਆਪਣੀਆਂ ਤਲੀਆਂ ਤੇ ਲਗਾਈ ਹੈ

-0-

ਵੱਖਰੇ ਰੰਗਾਂ ਨਸਲਾਂ ਜਾਤਾਂ
ਦੀ ਫੁੱਲਕਾਰੀ ਹੈ ਧਰਤੀ
ਚੰਨ ਦੀ ਠੰਡਕ ਤਾਰਿਆਂ ਦੀ ਲੋਅ
ਆਪਣੇ ਵਿਹੜੇ ਉਤਾਰੀ ਹੈ ਧਰਤੀ
ਮਨੁੱਖ ਨੂੰ ਜਨਮਿਆ ਪਾਲਿਆ ਪੋਸਿਆ
ਤੇ ਗੋਦ 'ਚ ਖਿਡਾਇਆ ਹੈ
ਮਨੁੱਖ ਚੋਂ ਮਨੁੱਖਤਾ ਦਾ ਰੁੱਖ ਉੱਗਾਇਆ ਹੈ

-0-

ਆਪਣੀ ਕੁੱਖ ਚੋਂ ਫ਼ਸਲਾਂ
ਰਹਿਮਤਾਂ ਨਿਹਮਤਾਂ ਉੱਗਾਉਂਦੀ ਹੈ
ਮਨੁੱਖ ਨੂੰ ਸਬਰ ਸੰਤੋਖ ਸਹਿਨਸ਼ੀਲਤਾ
ਸਿੱਖਾਉਂਦੀ ਹੈ
ਮਨੁੱਖ ਦੀਆਂ ਔਕੜਾਂ ਮੁਸੀਬਤਾਂ 'ਚ
ਉਤਰ ਜਾਂਦੀ ਹੈ
ਆਪਣੀ ਕੁੱਖ ਚੋਂ ਜਨਮੇਂ ਮਨੁੱਖ ਲਈ

ਚੰਨਾਂ ਸੂਰਜਾਂ ਤਾਰਿਆਂ ਦੀ
ਬਾਤ ਪਾਉਂਦੀ ਹੈ

-0-

ਮਨੁੱਖ ਨੂੰ ਮਨੁੱਖ ਬਣਨ
ਤੇ ਮਾਨਵਤਾ ਲਈ ਜਿਊਣਾ ਸਿੱਖਾਉਂਦੀ ਹੈ
ਆਪਣੇ ਵਿਹੜੇ ਅਨਾਜ ਦੇ ਅੰਬਾਰ ਲਾਉਂਦੀ ਹੈ
ਮਨੁੱਖ ਤੋਂ ਮਨੁੱਖਤਾ ਬ੍ਰਹਿਮੰਡਤਾ ਤੋਂ ਕਾਦਰ 'ਚ
ਉਤਰ ਜਾਂਦੀ ਹੈ
ਬੀਜ ਤੋਂ ਰੁੱਖ ਰੁੱਖ ਤੋਂ ਜੰਗਲ ਹੋ ਜਾਂਦੀ ਹੈ

-0-

ਸਾਧਾਰਨ ਮਨੁੱਖ ਤੋਂ ਲੈ ਕੇ
ਰਿਸ਼ੀਆਂ ਮੁਨੀਆਂ ਵਿਗਿਆਨੀਆਂ
ਦਾਰਸ਼ਨਿਕਾਂ ਯੁੱਗ ਪੁਰਸ਼ਾਂ
ਜੋਧਿਆਂ ਰਾਜਿਆਂ ਦੇਵਤਿਆਂ
ਤੇ ਭਗਵਾਨਾਂ ਨੂੰ ਜਨਮਦੀ ਹੈ
ਆਪਣੀ ਗੋਦ 'ਚ
ਖੰਡਰ ਥੇਹ ਸ਼ੀਸ਼ੇ ਦੇ ਸ਼ਹਿਰ
ਕੱਚ ਦੀ ਦੁਨੀਆਂ ਵਸਾਉਂਦੀ ਹੈ

-0-

ਮਨੁੱਖ ਦੇ ਵਾਹਦੇ ਵਧੀਕੀਆਂ
ਆਪਣੀ ਹਿੱਕ ਤੇ ਸਹਾਰਦੀ ਹੈ
ਮਨੁੱਖੀ ਬਰੂਦ ਦੀ ਅੱਗ
ਆਪਣੀ ਕੁੱਖ 'ਚ ਉਤਾਰਦੀ ਹੈ

ਫਿਰ ਵੀ ਮਨੁੱਖ ਦਾ ਬੁਰਾ ਨਹੀਂ ਮੰਗਦੀ
ਭਾਣਾ ਰੱਬ ਦਾ ਮੰਨਕੇ ਜ਼ਿੰਦਗੀ ਗੁਜ਼ਾਰਦੀ ਹੈ

-0-

ਵੀਰਯ ਦੇ ਕਤਰੇ ਤੋਂ ਲੈਕੇ
ਜਿਸਮ ਤੋਂ ਜਿਸਮ ਤਕ ਤੁਰਦੀ ਹੈ
ਮਾਨਵਤਾ ਦੀਆਂ ਮੁਸੀਬਤਾਂ 'ਚ
ਆਪਾ ਭੋਰਦੀ ਹੈ ਖਿਲਾਰਦੀ ਤੇ ਡੋਲ੍ਹਦੀ ਹੈ
ਪੰਛੀਆਂ ਦੇ ਕੰਠ 'ਚ ਆਵਾਜ਼
ਖੰਭਾਂ 'ਚ ਪ੍ਰਵਾਜ਼ ਭਰਦੀ ਹੈ
ਧਰਤੀ ਸਭ ਜੀਵ ਜੰਤੂਆਂ ਦੀ ਹਸਤੀ ਹੈ

-0-

ਚੋਰ ਸਾਧ ਪੁੰਨ ਪਾਪ
ਕਾਮ ਕ੍ਰੋਧ ਲੋਭ ਮੋਹ ਹੰਕਾਰ ਦਾ ਭਾਰ
ਆਪਣਿਆਂ ਮੋਢਿਆਂ ਤੇ ਉਠਾਉਂਦੀ ਹੈ
ਇਸ ਨਿਮਰਤਾ ਸਦਕਾ
ਧਰਤੀ ਮਾਂ ਕਹਾਉਂਦੀ ਹੈ
ਸਹਿਰਾ ਦੀਆਂ ਹਨ੍ਹੇਰੀਆਂ
ਝੱਖੜਾਂ ਤੂਫਾਨਾਂ ਤੇ ਸਾਗਰ ਦਾ ਲਾਵਾ
ਆਪਣੀ ਦੇਹ ਤੇ ਜਰਦੀ ਹੈ

-0-

ਧਰਤੀ ਹਰ ਜੀਵ ਦਾ ਪੇਟ ਭਰਦੀ ਹੈ
ਆਪ ਖਾਣ ਤੋਂ ਪਹਿਲਾਂ ਦੂਜੇ ਨੂੰ ਖੁਆਉਂਦੀ ਹੈ
ਮਨੁੱਖ ਤੇ ਮਨੁੱਖਤਾ ਦੇ ਲਹੂ
ਤੇ ਖੁਸ਼ਬੂ 'ਚ ਵਸਦੀ ਹੈ

ਕੁਦਰਤ ਦੀ ਆਗੋਸ਼ 'ਚ ਰਹਿੰਦੀ ਹੈ
ਬੱਦਲਾਂ ਦੀਆਂ ਕਣੀਆਂ 'ਚ
ਆਪਣੀ ਖੁਸ਼ਬੂ ਘੋਲਦੀ ਹੈ
ਜੀਵਨ ਦਾ ਬੋਲ ਜਿਉਂਦੀ ਹੈ
ਕਬਰਾਂ ਚੋਂ ਬੋਲਦੀ ਹੈ

-0-

ਅੰਬਰ ਕਈ ਵਾਰ ਦਿਲ ਦੇ ਭੇਦ ਖੋਲ੍ਹਦਾ ਹੈ
ਆਪਣੀ ਚੁੱਪ ਤੋੜਦਾ ਹੈ ਧਰਤੀ ਧਰਤੀ ਬੋਲਦਾ ਹੈ
ਅੰਬਰ ਜਦ ਜਲ ਬਰਸਾਉਂਦਾ ਹੈ
ਬੂੰਦਾਂ ਠੰਡ ਦੀਆਂ
ਧਰਤੀ ਦੇ ਪਿੰਡੇ ਤੇ ਪਾਉਂਦਾ ਹੈ
ਧਰਤੀ ਦੀ ਕੁੱਖ ਚੋਂ ਫੁੱਲਾਂ ਬੂਟਿਆਂ
ਤੇ ਪ੍ਰਕਿਰਤੀ ਦਾ ਬੀਜ ਫੁੱਟਦਾ ਹੈ
ਕੁਦਰਤ ਸਿਰਜਦਾ ਸਿਰਜਣਹਾਰ
ਦਿੱਸਦਾ ਹੈ

-0-

ਅੰਬਰ ਤੋਂ ਟੁੱਟ ਕੇ ਤਾਰੇ
ਧਰਤ ਦਾ ਸਾਹ ਭਰਦੇ ਹਨ
ਰੁੱਤਾਂ ਮੌਸਮਾਂ ਬਹਾਰਾਂ ਰੰਗਾਂ ਤੇ
ਖੁਸ਼ਬੂਆਂ ਦੀ ਫੁੱਲਕਾਰੀ ਧਰਤੀ
ਓੜ ਲੈਂਦੀ ਹੈ
ਕਰਵੱਟ ਬਦਲਦੀ ਹੈ
ਅੰਬਰ ਵੱਲ ਮੂੰਹ ਮੋੜ ਲੈਂਦੀ ਹੈ

ਬੇਸ਼ਕ ਵਿੱਛੀ ਹੈ ਧਰਤੀ
ਅੰਬਰ ਦੇ ਪੈਰਾਂ 'ਚ
ਪਰ ਅੰਬਰ ਦੀ ਰੂਹ ਤਕ
ਇਸ ਦੀ ਸੁਗੰਧ ਸਮਾਈ ਹੈ
ਜੇ ਅੰਬਰ ਦੇਹ ਹੈ
ਤਾਂ ਧਰਤ ਅੰਬਰ ਦੀ ਪ੍ਰਛਾਈ ਹੈ

-0-

ਆਪਣੀ ਹੋਂਦ
ਤੇ ਹੋਂਦ ਦਾ ਸੱਚ ਜਾਣਨ ਪਿਛੋਂ
ਧਰਤੀ ਫੈਲ ਗਈ ਤੇ ਵਗ ਤੁਰੀ
ਮਨੁੱਖ ਦੇ ਜਿਸਮ 'ਚ
ਆਪਣੀ ਹੋਂਦ ਦਾ ਸੱਚ ਧਰਨ ਲਈ
ਮਨੁੱਖ ਦੀ ਜੋਤ 'ਚ ਵੱਸਣ ਲਈ
ਜੋਤ ਦਾ ਨੂਰ ਭਰਨ ਲਈ
ਬੁੱਤ 'ਚ ਰੂਹ ਭਰਨ ਲਈ
ਤਾਂ ਕਿ ਆਪਣੀ ਦੇਹ ਤੇ ਦੋਹ ਦਾ ਸੱਚ
ਮਨੁੱਖ ਦੀ ਭੇਟ ਕਰ ਸਕੇ
ਮਨੁੱਖ ਦੇ ਜਿਸਮ 'ਚ
ਆਪਣੀ ਹੋਂਦ ਦੇ ਸੱਚ ਦਾ
ਅੰਕੁਰ ਧਰ ਸਕੇ

-----

## ਪੰਜਾਂ ਤੱਤਾਂ ਭਾਵ
## ਅਕਾਸ਼, ਹਵਾ, ਅੱਗਣ, ਜਲ, ਧਰਤ ਨੂੰ
## ਆਪਣੀ ਹੋਂਦ ਦਾ ਸੱਚ ਜਾਣਨ ਦੀ
## ਲੋੜ ਕਿਉਂ ਪਈ ?

ਸ੍ਰਿਸ਼ਟੀ ਦੀ ਸਿਰਜਣਾ ਤੋਂ ਪਹਿਲਾਂ
ਅਕਾਸ਼ ਹਵਾ ਅੱਗਣ ਜਲ ਧਰਤ
ਦੀ ਹੋਂਦ ਸੀ
ਸੱਚ ਸੀ ਸੰਕਲਪ ਸੀ
ਫਿਰ ਇਨ੍ਹਾਂ ਤੱਤਾਂ ਦਾ ਵਜੂਦ
ਹੋਂਦ ਵਿਚ ਆਇਆ
ਹੋਂਦ ਦਾ ਸੱਚ ਜਾਣਨ ਲਈ
ਅੰਕੁਰ ਚੇਤਨਾ ਦਾ
ਤੱਤਾਂ ਦੀ ਦੇਹ ਚੋਂ ਪੁੰਗਰ ਆਇਆ

-0-

ਇਨ੍ਹਾਂ ਤੱਤਾਂ
ਆਪਣਾ ਆਪ ਉਧੇੜਿਆ
ਖੋਲ੍ਹਿਆ ਤੇ ਭਾਲਿਆ
ਇਨ੍ਹਾਂ ਦਾ ਸੱਚ ਕੀ ਹੈ
ਹੋਂਦ ਕੀ ਹੈ ਵਜੂਦ ਕੀ ਹੈ
ਇਨ੍ਹਾਂ ਦੀ ਚੇਤਨਾ ਵਿਚਲਾ
ਅੰਕੁਰ ਬੋਲਿਆ

-0-

ਤੱਤਾਂ ਨੇ ਆਪਾ ਫਿਰੋਲਿਆ
ਆਪੇ 'ਚ ਉਤਰੇ ਆਪਾ ਸਮਝਿਆ
ਬੜੇ ਸਮੇਂ ਮਗਰੋਂ
ਤੱਤਾਂ ਨੂੰ ਆਪਣੀ ਹੋਂਦ ਦਾ
ਸੱਚ ਨਜ਼ਰ ਆਇਆ
ਆਪਣੇ ਵਜੂਦ ਦੀ ਪਰਖ
ਤੇ ਆਪਣੇ ਆਪ ਦੀ ਸ਼ਨਾਖਤ
ਦਾ ਯਥਾਰਥ ਪਾਇਆ

-0-

ਆਪਣੇ ਆਦਿ ਅੰਤ ਦਾ ਗਿਆਨ ਹੋਇਆ
ਸਰਬ ਵਿਆਪਕ ਜੋਤ ਦਾ
ਤੱਤਾਂ ਦੀ ਦੇਹ 'ਚ ਵਿਗਿਆਨਕ
ਪ੍ਰਕਾਸ਼ ਹੋਇਆ
ਇਨ੍ਹਾਂ ਤੱਤਾਂ ਦਾ ਸਤਿ
ਅਜੱਨਮਾਂ ਹੈ ਮੌਤ ਰਹਿਤ ਹੈ
ਇਹ ਆਪਣਾ ਸਤਿ ਸਮਝਣਗੇ
ਤੇ ਜਾਣਨਗੇ
ਇਹ ਸਤਿ ਤੱਤਾਂ ਦੇ ਵਜੂਦ ਤੋਂ
ਪਹਿਲਾਂ ਵੀ ਸੀ ਪਿੱਛੋਂ ਵੀ ਹੈ

-0-

ਮਨੁੱਖੀ ਸਿਰਜਣਾ ਤੋਂ ਪਹਿਲਾਂ
ਪ੍ਰਕਿਰਤੀ 'ਚ ਪਸ਼ੂ ਪੰਛੀਆਂ
ਜੀਵ ਜੰਤੂਆਂ ਦਾ ਅਗਾਜ਼ ਹੋਇਆ
ਇਨ੍ਹਾਂ ਪਸ਼ੂ ਪੰਛੀਆਂ ਜੀਵ

ਜੰਤੂਆਂ ਦੀ ਦੇਹ ਵੀ
ਪੰਜਾਂ ਤੱਤਾਂ ਦੀ ਬਣਤਰ ਹੈ
ਇਨ੍ਹਾਂ ਦੀ ਦੇਹ 'ਚ
ਪੰਜਾਂ ਤੱਤਾਂ ਦਾ ਵਜ਼ੂਦ ਹੈ
ਪਰ ਤੱਤਾਂ ਦੀ ਹੋਂਦ ਦਾ ਸੱਚ
ਜਾਣਨ ਦੀ ਚੇਤਨਾ ਨਹੀਂ
ਕਿਉਂਕਿ ਇਹ ਤੱਤ
ਆਪਣੀ ਹੋਂਦ ਦੇ ਸੱਚ ਤੋਂ
ਖੁਦ ਅਣਜਾਣ ਹਨ
ਇਸ ਲਈ ਪਸ਼ੂ ਪੰਛੀਆਂ
ਦੀ ਦੇਹ 'ਚ
ਚੇਤਨਾ ਤੇ ਜਗਿਆਸਾ ਦੀ ਘਾਟ ਹੈ
ਉਹ ਆਪਣਾ ਸਵੈ (ਆਤਮਾ)
ਪਹਿਚਾਣ ਨਹੀਂ ਸਕਦੇ
ਆਪਣੇ ਸਵੈ ਦਾ ਸੱਚ ਜਾਣ ਨਹੀਂ ਸਕਦੇ
ਕਿਉਂਕਿ ਉਨ੍ਹਾਂ ਦੀ ਸਰੀਰਕ ਬਣਤਰ 'ਚ
ਉਨ੍ਹਾਂ ਤੱਤਾਂ ਦਾ ਵਜ਼ੂਦ ਹੈ
ਜੋ ਆਪਣੀ ਹੋਂਦ ਦੇ ਸੱਚ ਤੋਂ
ਅਣਜਾਣ ਹਨ

------

## ਮਨੁੱਖੀ ਸਿਰਜਣਾ
## ਪਸ਼ੂਆਂ-ਪੰਛੀਆਂ ਜੀਵ-ਜੰਤੂਆਂ ਤੋਂ
## ਬਾਅਦ 'ਚ ਹੋਣ ਦਾ ਕਾਰਨ

ਇਸ ਕੁਦਰਤੀ ਵਿਕਾਸ ਦੇ ਸਫ਼ਰ 'ਚ
ਮਨੁੱਖ ਦੀ ਸਿਰਜਣਾ
ਪਸ਼ੂ-ਪੰਛੀਆਂ ਜੀਵ-ਜੰਤੂਆਂ ਤੋਂ
ਬਾਅਦ 'ਚ ਹੋਈ ਹੈ
ਕਿਉਂਕਿ ਪੰਜ ਤੱਤ
ਆਪਣੇ ਵਿਕਾਸ ਦਾ ਸਫ਼ਰ
ਆਪਣੀ ਹੋਂਦ ਦਾ ਸੱਚ
ਭਾਲਣ 'ਚ ਤਹਿ ਕਰਦੇ ਰਹੇ

-0-

ਆਪਣੇ ਆਪ 'ਚ ਉਤਰਦੇ ਸਮਝਦੇ
ਆਪਾ ਉਧੇੜਦੇ ਖੋਲ੍ਹਦੇ ਤੇ ਪੜ੍ਹਦੇ ਰਹੇ
ਜਿੰਨਾ ਵਕਤ
ਇਨ੍ਹਾਂ ਤੱਤਾਂ ਨੂੰ ਆਪਣੀ ਹੋਂਦ ਦਾ ਸੱਚ
ਭਾਲਣ 'ਚ ਲਗਿਆ
ਓਨਾ ਹੀ ਵਕਤ
ਪਸ਼ੂ-ਪੰਛੀਆਂ ਜੀਵ-ਜੰਤੂਆਂ
ਦੀ ਸਿਰਜਣਾ ਤੋਂ ਬਾਅਦ
ਮਨੁੱਖੀ ਸਿਰਜਣਾ ਨੂੰ ਲੱਗਿਆ

-0-

ਕਿਉਂਕਿ
ਮਨੁੱਖੀ ਦੇਹ ਦੀ ਸਿਰਜਣਾ ਲਈ
ਸਿਰਫ਼ ਤੱਤਾਂ ਦੇ ਵਜ਼ੂਦ ਦੀ ਹੀ
ਲੋੜ ਨਹੀਂ ਸੀ
ਤੱਤਾਂ ਦੇ ਵਜ਼ੂਦ ਤੇ
ਤੱਤਾਂ ਦੀ ਹੋਂਦ ਦੇ ਸੱਚ ਤੋਂ ਜਾਣੂ
ਤੱਤਾਂ ਦੀ ਲੋੜ ਸੀ
ਭਾਵ ਆਪਣੀ ਹੋਂਦ ਦੇ ਸੱਚ ਤੋਂ
ਜਾਣੂ ਚੇਤਨ ਤੱਤਾਂ ਦੀ ਲੋੜ ਸੀ
ਕੁਦਰਤ ਦੇ ਸੰਕਲਪ 'ਚ
ਮਨੁੱਖੀ ਸਿਰਜਣਾ ਲਈ
ਚੇਤਨ ਤੱਤਾਂ ਦੀ ਲੋੜ ਸੀ
ਜੋ ਆਪਣੀ ਹੋਂਦ ਦਾ ਸੱਚ ਜਾਣਦੇ

-0-

ਆਪਣੇ ਨੈਣ ਨਕਸ਼ ਅੰਗ
ਤੇ ਚਿਹਰਾ ਪਹਿਚਾਣਦੇ
ਤਾਂ ਕਿ ਮਨੁੱਖ ਜਿਸਮ 'ਚ
ਸੱਚ ਜਾਣਨ ਲਈ
ਚੇਤਨ ਤੱਤਾਂ ਦਾ ਵਜ਼ੂਦ ਰਖਿਆ ਜਾਏ
ਪਸ਼ੂ-ਪੰਛੀਆਂ ਜੀਵ-ਜੰਤੂਆਂ ਤੋਂ ਅਲੱਗ
ਚੇਤਨ ਮਨੁੱਖੀ ਵਜ਼ੂਦ ਸਿਰਜਿਆ ਜਾਏ
ਇਹੀ ਕਾਰਨ ਹੈ
ਕਿ ਮਨੁੱਖ ਜੀਵ ਜੰਤੂਆਂ ਪਸ਼ੂ ਪੰਛੀਆਂ ਤੋਂ
ਵਧ ਚੇਤੰਨ ਤੇ ਜਗਿਆਸੂ ਹੈ

-----

# ਚੇਤੰਨ ਮਨੁੱਖ ਦਾ
# ਸਵੈ ਤੇ ਪ੍ਰਯੋਜਨ

ਮਨੁੱਖ 'ਚ ਆਪਣੇ ਜੀਵਨ ਪ੍ਰਯੋਜਨ
ਜਨਮ ਮਰਨ ਸਵੈ ਤੇ ਸਵੈ ਦੇ ਸੱਚ ਨੂੰ
ਸਮਝਣ ਦੀ ਚੇਤਨਾ ਹੈ, ਜਗਿਆਸਾ ਹੈ
ਸਫਲ ਜੀਵਨ ਸਫਲਤਾ ਸੰਗ ਜੀਣ ਦੀ
ਪ੍ਰੀਭਾਸ਼ਾ ਮਨੁੱਖ ਸਮਝਦਾ ਹੈ
ਆਪਣੇ ਲਈ ਚੰਗਾ ਮਾੜਾ
ਮਨੁੱਖ ਜੀਵਨ ਵਿਚ ਪਰਖਦਾ ਹੈ

–0–

ਆਪਣੇ ਜਿਉਂਦੇ ਜੀਅ
ਆਪਣੇ ਸਵੈ (ਆਤਮ) ਸੱਚ ਨੂੰ ਜਾਣਨਾ
ਸਫਲ ਜੀਵਨ ਦੀ ਪ੍ਰੀਭਾਸ਼ਾ ਹੈ
ਮਨੁੱਖ ਇਸ ਪ੍ਰੀਭਾਸ਼ਾ ਵਿਚ ਉਤਰ ਸਕਦਾ ਹੈ
ਮੋਖਸ਼ਾ ਪ੍ਰਾਪਤ ਕਰ ਸਕਦਾ ਹੈ
ਜਿਉਣ ਮਰਨ ਦਾ ਚੱਕਰ ਮੁਕਾ ਸਕਦਾ ਹੈ
ਜਿਉਂਦੇ ਜੀਅ
ਆਪਣੇ ਸਵੈ ਸੱਚ ਨੂੰ ਪਾ ਸਕਦਾ ਹੈ
ਇਸ ਸੱਚ ਨੂੰ ਜਾਣਨਾ ਹੀ
ਮਨੁੱਖ ਦੇ ਜਨਮ ਦਾ ਆਧਾਰ ਹੈ
ਜੀਵਨ ਦਾ ਪ੍ਰਯੋਜਨ ਹੈ
ਨਹੀਂ ਤਾਂ ਮਨੁੱਖ ਦਾ ਜਨਮ ਨਾ ਮਰਨਾ
ਲਾਜ਼ਮ ਬਾਰ ਬਾਰ ਹੈ

–0–

ਕੁਦਰਤੀ ਵਿਕਾਸ 'ਚ
ਪ੍ਰਕਿਰਤੀ ਦਾ ਸਵੈ ਜੋ ਰੱਬੀ ਅੰਸ਼ ਹੈ
ਮਨੁੱਖ ਦਾ ਜਿਸ ਵਜੂਦ ਸੰਕਲਪਿਆ
ਇਹ ਸਵੈ ਸਰਵ ਉਤਮ ਹੈ
ਚੇਤਨਾ ਤੇ ਜਗਿਆਸਾ ਦੇ ਪ੍ਰਾਣਾਂ ਦਾ ਪ੍ਰਾਣ ਹੈ
ਪੰਜਾਂ ਤੱਤਾਂ ਦੀ ਸੰਚਾਲਕ ਸ਼ਕਤੀ ਹੈ
ਜ਼ਿੰਦਗੀ ਹੈ ਜੀਵਨ ਦੀ ਜਾਨ ਹੈ
ਰੱਬੀ ਅੰਸ਼ (ਆਤਮਾ)
ਜੀਵਨ ਦਾ ਮੂਲ ਆਧਾਰ ਹੈ
ਇਸ ਅੰਸ਼ ਬਿਨ ਜ਼ਿੰਦਗੀ ਸ਼ਮਸ਼ਾਨ ਹੈ
ਕਬਰਾਂ ਦਾ ਜਹਾਨ ਹੈ

-0-

ਇਸ ਰੱਬੀ ਅੰਸ਼ ਨੇ ਬ੍ਰਹਿਮੰਡ 'ਚ
ਆਪਣੀ ਉਪਾਧੀ (ਮਨੁੱਖੀ ਦੇਹ)
ਧਾਰਨੀ ਸੀ
ਆਪਣਾ ਚਾਨਣ ਆਪਣੀ ਲੋਅ
ਉਪਾਧੀ (ਮਨੁੱਖੀ ਦੇਹ) 'ਚ ਉਤਾਰਨੀ ਸੀ
ਰੱਬੀ ਅੰਸ਼ ਨੇ ਆਪਣੀ ਉਪਾਧੀ
ਲਈ ਸੰਕਲਪੇ ਵਜੂਦ 'ਚ
ਪੰਜਾਂ ਤੱਤਾਂ ਦਾ ਵਜੂਦ ਤੇ ਹੋਂਦ ਦਾ
ਸੱਚ ਧਰਿਆ
ਕਿ ਮਨੁੱਖੀ ਦੇਹ ਸ੍ਰਿਸ਼ਟੀ 'ਚ
ਉੱਤਮ ਚੇਤਨਾ ਤੇ ਜਗਿਆਸਾ ਦੀ ਧਾਰਨ
ਹੋ ਸਕੇ

-0-

ਰੱਬੀ ਅੰਸ਼
ਜਿਸ 'ਚ ਪ੍ਰਵੇਸ਼ ਕਰ ਸਕੇ
ਆਪਣਾ ਸੱਚ ਧਰ ਸਕੇ
ਉਸ ਮਾਨਵ ਦੀ ਚੇਤਨਾ ਤੇ ਜਗਿਆਸਾ
ਰੱਬੀ ਅੰਸ਼ ਦੇ ਸੱਚ ਦੀ ਪਹਿਚਾਣ
ਕਰ ਸਕੇ
ਇਸ ਲਈ ਰੱਬੀ ਅੰਸ਼ ਨੇ
ਆਪਣਾ ਸੱਚ ਜਾਣਨ ਲਈ
ਮਾਨਵ ਨੂੰ ਸ਼ਕਤੀ ਬਖਸ਼ੀ ਹੈ
ਦੀਵੇ ਚੋਂ ਸੂਰਜ ਸਿਰਜਣ ਦੀ
ਹਸਤੀ ਬਖਸ਼ੀ ਹੈ

-0-

ਇਸ ਲਈ ਮਨੁੱਖ
ਪਸ਼ੂ ਪੰਛੀਆਂ ਜੀਵ ਜੰਤੂਆਂ ਤੋਂ
ਵਧੇਰੇ ਚੇਤਨ ਤੇ ਜਗਿਆਸੂ ਹੈ
ਆਪਣੇ ਸਵੈ ਦਾ ਸੱਚ
ਆਪਣੇ ਅਨੁਭਵ ਸਦਕਾ ਜਾਣ ਹੈ ਸਕਦਾ
ਆਪਣਾ ਮੂਲ ਪਹਿਚਾਣ ਹੈ ਸਕਦਾ
ਇਹ ਮੂਲ ਹੈ
"ਮਨ ਤੂੰ ਜੋਤ ਸਰੂਪ ਹੈ
ਆਪਣਾ ਮੂਲ ਪਹਿਚਾਣ"
ਦੇਹ ਦੇ ਭਰਮ ਨੂੰ ਮੂਲ ਦੇ ਸੱਚ ਨੂੰ ਜਾਣ

-0-

ਮਨੁੱਖਾ ਦੇਹ ਦੀ ਬਣਤਰ ਤੋਂ ਪਹਿਲਾਂ

ਉਸਦੀ ਹੋਂਦ ਹੈ
ਇਹ ਹੋਂਦ ਦੇਹ ਦੀ ਧਾਰਨੀ ਹੈ
ਇਸ ਹੋਂਦ ਦੇ ਕਾਰਨ ਹੀ ਜੀਵਨ ਹੈ
ਮਨੁੱਖਾ ਦੇਹ ਹੈ
ਇਹ ਹੋਂਦ ਜੋਤ ਸਰੂਪ ਹੈ
ਮਨੁੱਖ ਦੇ ਜਨਮ ਤੋਂ ਪਹਿਲਾਂ ਵੀ ਸੀ
ਪਿਛੋਂ ਵੀ ਹੈ

-0-

ਇਹ ਜੋਤ ਨਾ ਜਨਮਦੀ ਹੈ
ਨਾ ਮਰਦੀ ਹੈ
ਇਹ ਜੋਤ ਮਨੁੱਖ ਦਾ ਸਵੈ ਹੈ
ਇਸ ਸਵੈ ਨੂੰ
ਮਨੁੱਖ ਮਨੁੱਖੀ ਦੇਹ ਵਿਚ ਹੀ
ਅਨੁਭਵ ਕਰ ਕਸਦਾ ਹੈ ਵੇਖ ਸਕਦਾ ਹੈ
ਇਸ ਨੂੰ ਜਾਣਨ ਲਈ
ਮਨੁੱਖਾ ਦੇਹ ਅਮੁੱਲਾ ਹੈ
ਮਹੱਤਵਪੂਰਨ ਤੋਂ ਵੀ ਅੱਗੇ ਦੀ ਗੱਲ ਹੈ
ਅੱਜ ਹੈ ਨਾ ਜੋ ਕੱਲ੍ਹ ਹੈ

-0-

ਮਨੁੱਖਾ ਦੇਹ ਹੀ
ਇਸ ਸੱਚ ਨੂੰ ਜਾਣਨ ਦੀ ਪ੍ਰਯੋਗਸ਼ਾਲਾ ਹੈ
ਇਸ ਸਵੈ ਦਾ ਪ੍ਰਯੋਗ
ਇਸ ਦੇਹ ਵਿਚ ਹੀ ਕੀਤਾ ਜਾ ਸਕਦਾ ਹੈ
ਇਸਨੂੰ ਅਭਿਆਸਨ

ਤੇ ਸਿਮਰਨ ਤੋਂ ਪਹਿਲਾਂ
ਮਨੁੱਖ ਦਾ
ਆਪਣੇ ਅੰਦਰ ਉਤਰਨਾ ਜ਼ਰੂਰੀ ਹੈ
ਆਪਣੇ ਆਪ ਨੂੰ ਸਮਝਣਾ
ਮਾਂਜਣਾਂ ਧੋਣਾ ਜ਼ਰੂਰੀ ਹੈ

–0–

ਮਨੁੱਖ
ਜਦ ਜਾਣਨਾ ਚਾਹੁੰਦਾ ਹੈ
ਉਹ ਕੀ ਹੈ ਕੌਣ ਹੈ
ਉਸਦਾ ਸੱਚ ਕੀ ਹੈ
ਉਹ ਕਿੱਥੋਂ ਆਇਆ ਹੈ
ਉਸ ਕਿੱਥੇ ਜਾਣਾ ਹੈ
ਤਾਂ ਆਪਣੇ ਸਵੈ ਦੀ ਭਾਲ ਹੈ ਕਰਦਾ
ਆਪਣੇ ਹੈ ਅੰਦਰ ਉਤਰਦਾ
ਆਪਣਾ ਅੰਦਰ ਹੰਢਾਉਂਦਾ ਹੈ
ਜੀਵਨ ਦਾ ਪ੍ਰਯੋਜਨ ਭਾਲਦਾ ਹੈ
ਜੀਵਨ 'ਚੋਂ
ਆਪਣਾ ਲਕਸ਼ ਤਲਾਸ਼ਦਾ ਹੈ
ਸਵੈ ਦੇ ਪ੍ਰਗਟਾਅ ਦੀ ਲਗਨ
ਆਪਣੇ ਆਪ 'ਚ ਪੱਕੇਰੀ ਕਰਦਾ ਹੈ
ਸਵੈ ਦੇ ਸੱਚ ਲਈ ਵੈਰਾਗੀ ਹੁੰਦਾ ਹੈ
ਆਪਣੇ ਸਿਰ ਤੋਂ ਪੈਰਾਂ 'ਚ ਉਤਰਦਾ ਹੈ

–0–

ਇਸ ਸਭ ਕੁੱਝ ਤੋਂ ਪਹਿਲਾਂ
ਮਨੁੱਖ ਲਈ ਸਵੈ ਤਲਾਸ਼ ਦੀ
ਲਗਨ ਨੂੰ ਪੱਕਿਆਉਣਾ ਬਹੁਤ
ਜ਼ਰੂਰੀ ਹੈ
ਗੁਰੂ ਨਾਨਕ ਸਾਹਿਬ ਦਾ ਸਲੋਕ ਹੈ
"ਜੇ ਤਉ ਪ੍ਰੇਮ ਖੇਲਣ ਕਾ ਚਾਓ
ਸਿਰ ਧਰ ਤਲੀ ਗਲੀ ਮੋਰੀ ਆਓ
ਜਿੱਤ ਮਾਰਗ ਪੈਰ ਧਰੀਜੈ
ਸਿਰ ਦੀਜੈ ਕਾਨ ਨਾ ਕੀਜੈ"

-----

## ਸਵੈ (ਆਤਮਾ) ਦੀ ਤਲਾਸ਼ ਦਾ ਸਫ਼ਰ
## ਇਥੋਂ ਅਧਿਆਤਮ ਸਫ਼ਰ ਦਾ
## ਧਰਮ ਖੰਡ ਆਰੰਭ ਹੁੰਦਾ ਹੈ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਜਪੁੱਜੀ ਸਾਹਿਬ ਦੀ ਬਾਣੀ ਅਨੁਸਾਰ ਇਸ ਅਧਿਆਤਮਕ ਸਫ਼ਰ 'ਚ ਪੰਜਾਂ ਖੰਡਾਂ ਦਾ ਸਥਾਨ ਹੈ। ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸੱਚ ਖੰਡ। ਅਧਿਆਤਮਕ ਸਫ਼ਰ 'ਚ ਸਭ ਤੋਂ ਪਹਿਲਾ ਕਦਮ ਆਪਣੇ ਸਵੈ ਭਾਵ ਆਤਮਾ ਨੂੰ ਜਾਣਨਾ ਹੈ। ਫਿਰ ਪ੍ਰਮਾਤਮਾ ਨੂੰ ਜਾਣਨਾ ਹੈ। ਇਸ ਲਈ ਧਰਮ ਖੰਡ ਦਾ ਸਫ਼ਰ ਆਤਮਾ ਨੂੰ ਜਾਨਣ ਦੇ ਨਾਲ ਹੀ ਆਰੰਭ ਕਰਦੇ ਹਾਂ। ਬਾਕੀ ਖੰਡਾਂ ਦਾ ਸਫ਼ਰ ਪ੍ਰਮਾਤਮਾ ਨੂੰ ਜਾਣਨ ਦੇ ਸਫ਼ਰ 'ਚ ਕਰਾਂਗੇ।

ਧਰਮ ਖੰਡ ਦੀ ਅਵੱਸਥਾ 'ਚ<br>
ਮਨੁੱਖ<br>
ਦੁਨੀਆਂ ਦੇ ਵਿਸ਼ੇ ਵਿਕਾਰਾਂ ਤੋਂ<br>
ਉਚਾਟ ਹੁੰਦਾ ਹੈ<br>
ਇਸ ਉਦਾਸਹੀਣਤਾ ਚੋਂ ਵੈਰਾਗ<br>
ਉਪਜਦਾ ਹੈ<br>
ਮਨੁੱਖ ਸਵੈ (ਆਤਮਾ) ਦੀ ਭਾਲ 'ਚ<br>
ਉਦਾਸ ਤੇ ਉਪਰਾਮ ਰਹਿੰਦਾ ਹੈ<br>
ਆਪਣੇ ਸੱਚ ਨਾਲ ਜੁੜਣ ਪ੍ਰਤੀ

ਯਤਨਸ਼ੀਲ ਰਹਿੰਦਾ ਹੈ
ਮਨ ਚੋਂ ਟਪਕਦੇ ਬ੍ਰਿਹਾ ਦਾ ਰਸ ਪੀਂਦਾ ਹੈ
ਅੱਥਰੂਆਂ ਸੰਗ ਆਪਣਾ ਅੰਤਾਕਰਨ ਧੋਂਦਾ ਹੈ
ਆਪਣੀ ਦੇਹ ਦੀ ਧਰਤੀ ਵਾਹ ਕੇ
ਸੱਚ ਦੇ ਬੀਜ ਬੋਂਦਾਂ ਹੈ

-0-

ਆਪਣੇ ਜੀਵਨ ਦਾ ਪ੍ਰਯੋਜਨ ਵਿਚਾਰਦਾ ਹੈ
ਸੰਸਾਰ 'ਚ ਆਉਣ ਦਾ ਮਕਸਦ ਭਾਲਦਾ ਹੈ
ਆਪਣਾ ਫਰਜ਼ ਪਹਿਚਾਣਦਾ ਹੈ
ਆਪਾ ਸਿਆਣਦਾ ਹੈ
ਜਿਉਂ ਜਿਉਂ
ਆਪਣੇ ਸਵੈ ਦੀ ਭਾਲ 'ਚ ਜੁੜਦਾ ਹੈ
ਉਸਦੇ ਅੰਦਰਲੇ ਸੁਆਰਥ ਦਾ
ਭੇਦ ਖੁੱਲ੍ਹਦਾ ਹੈ

-0-

ਮਾਇਆ ਜਾਲ 'ਚ
ਮਨੁੱਖ ਆਪਣੇ ਆਪ
ਤੇ ਪਰਿਵਾਰ ਦੇ ਮੋਹ 'ਚ ਗ੍ਰਸਿਆ ਹੈ
ਕਾਮ ਕ੍ਰੋਧ ਲੋਭ ਮੋਹ ਹੰਕਾਰ 'ਚ ਫਸਿਆ ਹੈ
ਆਪੇ ਦੁਆਲੇ ਉਸਾਰੀ
ਮੋਹ ਮਾਇਆ ਦੀ ਵਲਗਣ ਤੋਂ
ਬਾਹਰ ਝਾਕ ਨਹੀਂ ਸਕਦਾ
ਝੂਠ ਜਿਉਂਦਾ
ਆਪਣਾ ਸੱਚ ਪਹਿਚਾਣ ਨਹੀਂ ਸਕਦਾ

ਧਰਮ ਖੰਡ ਦੀ ਅਵਸਥਾ
ਮਨੁੱਖ ਅੰਦਰ
ਆਪਣੇ ਫਰਜ਼ ਤੇ ਗਿਆਨ ਦੀ
ਤ੍ਰਿਸ਼ਨਾ ਜਗਾਉਂਦੀ ਹੈ
ਹਨ੍ਹੇਰੇ ਦਾ ਪਰਦਾ
ਮਨੁੱਖ ਤੋਂ ਉਤਾਰਦੀ ਹੈ
ਆਪਣੀ ਚੇਤਨਾ ਸ਼ਕਤੀ ਸੰਗ
ਆਤਮ ਸਰੂਪ
ਤੇ ਕੁਦਰਤ ਦਾ ਸੰਕਲਪ
ਆਪਣੇ ਮਸਤਕ 'ਚ ਹੰਢਾਉਂਦੀ ਹੈ
ਚੇਤਨ ਦੇਹ ਤੇ ਆਤਮਾ ਦਾ
ਸੰਬੰਧ ਮਹਿਸੂਸ ਕਰਦੀ ਹੈ

-0-

ਆਪਣੇ ਆਪ 'ਚ ਚੇਤਨਾ
ਅਧਿਆਤਮਕ ਗਿਆਨ ਦੇ
ਸਾਗਰ 'ਚ ਉਤਰਦੀ ਹੈ
ਗੁਰਮੁਖ ਹੋ ਜਾਂਦੀ ਹੈ
ਸਾਧ ਸੰਗਤ ਦਾ ਆਨੰਦ ਮਾਣਦੀ ਹੈ
ਮਨੁੱਖ ਆਪਣੇ ਆਪ 'ਚ
ਅਧਿਆਤਮਕ ਪ੍ਰਵਿਰਤੀਆਂ
ਜਗਾਉਂਦਾ ਹੈ
ਬੁੱਧੀ ਰਾਹੀਂ ਮਨ ਨੂੰ ਠਹਿਰਾਓ
ਵਿਚ ਲਿਆਉਂਦਾ ਹੈ

-0-

ਇਥੋਂ ਹੀ ਮਨੁੱਖ ਦਾ
ਅਧਿਆਤਮਕ ਸਫ਼ਰ ਸ਼ੁਰੂ ਹੁੰਦਾ ਹੈ
ਇਸ ਰਾਹੀਂ
ਉਹ ਜਾਣ ਸਕਦਾ ਹੈ
ਉਹ ਕੀ ਹੈ ਉਹ ਕੌਣ ਹੈ
ਉਸਦਾ ਜੀਵਨ ਪ੍ਰਯੋਜਨ ਕੀ ਹੈ
ਜੀਵਨ ਦਾ ਲਕਸ਼ ਕੀ ਹੈ
ਉਸਦੇ ਸਵੈ ਦਾ ਸੱਚ ਕੀ ਹੈ
ਉਸਦਾ ਸਵੈ ਕੀ ਹੈ

-0-

ਮਨੁੱਖ ਅਧਿਆਤਮਕਤਾ ਅਨੁਸਾਰ
ਆਪਣਾ ਜੀਵਨ ਢਾਲਦਾ ਹੈ
ਅੰਮ੍ਰਿਤ ਵੇਲੇ ਉੱਠਦਾ ਹੈ
ਸ਼ਬਦ ਉਚਾਰਦਾ ਹੈ
ਆਪਣੇ ਹਨ੍ਹੇਰੇ 'ਚ ਚਾਨਣ ਉਤਾਰਦਾ ਹੈ
ਸਵੈ ਪ੍ਰਗਟਾਅ ਦੀ ਲਗਣ ਦੇ
ਅਧਾਰ ਤੇ ਹੀ
ਮਨੁੱਖ ਆਪਣੇ ਸਵੈ ਨੂੰ ਪਾ ਲੈਂਦਾ ਹੈ

-0-

ਆਪਣੇ ਜੀਵਨ ਦਾ ਸੱਚ ਸਮਝ ਸਕਦਾ ਹੈ
ਆਪਣੇ ਜਨਮ ਦਾ ਕਾਰਨ ਜਾਣ ਸਕਦਾ ਹੈ
ਮਨੁੱਖ ਆਪਣਾ ਮੈਲਾ ਕੂੜਾ ਸਾਫ਼ ਕਰਕੇ
ਆਪਣੇ ਆਪ ਨੂੰ ਸ਼ੁੱਧਤਾ

ਸੱਚ ਸੁੰਦਰਤਾ ਕਲਿਆਣ 'ਚ
ਢਾਲਦਾ ਹੈ

-0-

ਆਪਣਾ ਅੰਦਰ ਬਾਹਰ
ਬਾਹਰ ਅੰਦਰ ਵਿਸਥਾਰਦਾ ਹੈ
ਆਪਣੇ ਲਹੂ 'ਚ ਤੁਰਦਾ ਹੈ
ਆਪਣੀਆਂ ਨਾੜੀਆਂ 'ਚ ਵਿਚਰਦਾ ਹੈ
ਆਪਣੇ ਕੋਲ ਬਹਿੰਦਾ ਹੈ
ਆਪਾ ਸੋਚਦਾ ਵਿਚਾਰਦਾ ਹੈ
ਆਪਣੇ ਆਪ ਨੂੰ
ਹੋਂਦ ਦੇ ਸੱਚ ਦੀ ਭਾਲ 'ਚ ਉਤਾਰਦਾ ਹੈ

-0-

ਜਿਸਮ ਦੇ ਅਣੂਆਂ ਦੀ
ਪ੍ਰਵਿਰਤੀ ਤੇ ਪ੍ਰਕਿਰਤੀ ਨੂੰ ਸਮਝਦਾ ਹੈ
ਅਣੂਆਂ ਦੀ ਕਾਰਜ ਪ੍ਰਣਾਲੀ
ਵਿਚਰਨ ਧਰਾਤਲ
ਆਪਸੀ ਸੰਬੰਧਾਂ ਨੂੰ ਜਾਣਦਾ ਹੈ
ਕਿਉਂਕਿ ਹਰ ਇਕ ਅਣੂ ਦਾ
ਆਪਣਾ ਵਜੂਦ ਹੈ
ਆਪਣਾ ਰੂਪ ਹੈ
ਪਰ ਸਭ ਦੀ ਹੋਂਦ ਦਾ ਸੱਚ ਇਕੋ ਹੈ

-0-

ਇਸ ਹੋਂਦ ਦੀ ਜਮ੍ਹਾਂ
ਬ੍ਰਹਿਮੰਡਕ ਹੋਂਦ ਦੀ ਪ੍ਰਤੀਕ ਹੈ
ਮਨੁੱਖ ਲਈ

ਆਪਣੇ ਆਪ 'ਚ ਸਹਿਜ
ਸੰਤੁਲਨ ਤੇ ਸੰਯਮ ਰੱਖਣਾ ਜ਼ਰੂਰੀ ਹੈ
ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀ ਲਗਾਮ
ਬੁੱਧੀ ਹੱਥ ਸੌਂਪਣੀ ਜ਼ਰੂਰੀ ਹੈ

–0–

ਮਨੁੱਖਾ ਦੇਹ 'ਚ
ਬੁੱਧੀ ਇਕ ਉਹ ਸਾਧਨ ਹੈ
ਜਿਸ ਰਾਹੀਂ ਦੇਹ ਦੀ ਹਰ ਮਾੜੀ
ਪ੍ਰਵਿਰਤੀ ਸੋਧੀ ਜਾ ਸਕਦੀ ਹੈ
ਜੇ ਮਨੁੱਖੀ ਚੇਤਨਾ ਕੋਲ
ਕੇਂਦਰਿਤ ਕਰਨ ਲਈ
"ਮਨ ਤੂੰ ਜੋਤ ਸਰੂਪ ਹੈ"
ਦੇ ਸੰਕਲਪ ਦੀ ਜੋਤ ਹੈ
ਤਾਂ ਕਾਮ ਕ੍ਰੋਧ ਲੋਭ ਮੋਹ ਹੰਕਾਰ ਵਲੋਂ
ਮਨੁੱਖ ਦੀ ਪ੍ਰਵਿਰਤੀ ਘੱਟ ਸਕਦੀ ਹੈ

–0–

ਕਾਮ ਕ੍ਰੋਧ ਲੋਭ ਮੋਹ ਹੰਕਾਰ
ਮਨੁੱਖ ਦੇ ਜਮਾਂਦਰੂ ਤੱਤ ਹਨ
ਪ੍ਰਵਿਰਤੀਆਂ ਹਨ
ਇਨ੍ਹਾਂ ਨੂੰ ਸੋਧਣ ਲਈ ਵਕਤ ਲੱਗਦਾ ਹੈ
ਇਨ੍ਹਾਂ ਦੀ ਸੋਧ ਸੰਭਵ ਹੈ
ਅਸੰਭਵ ਨਹੀਂ

–0–

ਪ੍ਰਕਿਰਤੀ ਪੰਜਾਂ ਤੱਤਾਂ ਦੀ
ਮਿਲਵੀਂ ਕਾਰਜ ਪ੍ਰਣਾਲੀ
ਮਨੁੱਖੀ ਦੇਹ 'ਚ ਬੁੱਧੀ ਸਿਰਜਦੀ ਹੈ
ਚੇਤਨਾ ਬੁੱਧੀ ਦੀ ਹੋਂਦ ਹੈ
ਬੁੱਧੀ ਦਾ ਸੂਖਮ ਰੂਪ ਹੈ
ਚੇਤਨਾ ਸ਼ਕਤੀ ਰਾਹੀਂ ਮਨੁੱਖ
"ਮਨ ਤੂੰ ਜੋਤ ਸਰੂਪ ਹੈ"
ਦੇ ਸੰਕਲਪ ਦਾ ਮਨ ਨੂੰ
ਅਹਿਸਾਸ ਕਰਵਾਉਂਦਾ ਹੈ

-0-

ਮਨ ਦਾ ਜੋਤ ਸਰੂਪ ਹੋਣਾ ਹੀ
ਮਨੁੱਖ ਦਾ ਸਵੈ ਹੈ ਮਨੁੱਖ ਦਾ ਆਤਮ ਹੈ
ਜਿਸਨੂੰ ਚੇਤਨਾ ਸ਼ਕਤੀ ਰਾਹੀਂ
ਧਿਆਇਆ ਸਿਮਰਿਆ ਜਾਂਦਾ ਹੈ
ਤੇ ਮਨੁੱਖੀ ਦੇਹ ਦੀ ਪ੍ਰਯੋਗਸ਼ਾਲਾ 'ਚ
ਪ੍ਰਯੋਗਿਆ ਜਾਂਦਾ ਹੈ
ਸਵੈ (ਆਤਮ) ਜੋਤ ਦਾ ਵਾਸ
ਮਨੁੱਖ ਦੀ ਤ੍ਰੈਕੁਟੀ 'ਚ ਪਾਇਆ ਜਾਂਦਾ ਹੈ

-0-

ਇਹ ਸਵੈ ਮਨੁੱਖ ਕਾਦਰ ਤੇ
ਕੁਦਰਤ ਦੀ ਇਕਾਈ ਹੈ
ਮਨੁੱਖ ਤੇ ਜੀਵਨ ਦੀ ਸੱਚਾਈ ਹੈ
ਕੁਦਰਤ ਕਾਦਰ ਦਾ ਉਤਾਰਾ ਹੈ

ਮਨੁੱਖੀ ਦੇਹ 'ਚ
ਚੇਤਨ ਪ੍ਰਕਿਰਤਕ ਤੱਤਾਂ ਦਾ ਪਸਾਰਾ ਹੈ
ਮਨੱਖਾ ਦੇਹ ਦਾ ਮੂਲ ਕੁਦਰਤ ਹੈ
ਕਾਦਰ ਦਾ ਵਰਤਾਰਾ ਹੈ
ਕਾਦਰ ਦੇ ਅੰਸ਼ 'ਚ ਸਾਰਾ ਜਗਤ
ਸਮਾਇਆ ਹੈ
ਇਹ ਅੰਸ਼ ਹੀ ਕਾਦਰ ਹੈ
ਜਿਸ ਸਰਗੁਣ ਰੂਪ ਵਟਾਇਆ ਹੈ

–0–

ਇਸ ਅੰਸ਼ ਦਾ
ਮਨੁੱਖੀ ਦੇਹ ਵਿਚ ਡੇਰਾ ਹੈ
ਕੁਦਰਤ 'ਚ ਕਾਦਰ ਦਾ ਵਸੇਰਾ ਹੈ
ਕਾਦਰ ਕੁਦਰਤ 'ਚ
ਕੁਦਰਤ ਮਨੁੱਖ 'ਚ ਸਮਾਈ
ਆਪਣੇ ਸੱਚ ਦੀ ਜੋਤ ਕੁਦਰਤ ਨੇ
ਮਨੁੱਖ ਦੀ ਦੇਹ 'ਚ ਜਗਾਈ ਹੈ
ਆਪਣੇ ਸਵੈ ਨੂੰ ਜਾਣੇ ਬਿਨਾਂ
ਮਨੁੱਖ ਦੇਹ ਵਿਚਲੇ ਚੇਤਨ
ਪ੍ਰਕਿਰਤਕ ਤੱਤਾਂ ਨੂੰ ਜਾਣ ਨਹੀਂ ਸਕਦਾ
ਆਪਣਾ ਸੱਚ ਪਹਿਚਾਣ ਨਹੀਂ ਸਕਦਾ

–0–

ਮਨੁੱਖਾ ਦੇਹ ਹੀ ਮਨੁੱਖ ਦਾ ਮੰਦਰ ਹੈ
ਮਨੁੱਖ ਦਾ ਰੱਬ ਸਵੈ ਰੂਪ ਵਿਚ
ਇਸ ਮੰਦਰ ਦੇ ਅੰਦਰ ਹੈ

ਵੇਦਾਂ ਸ਼ਾਸਤਰਾਂ ਤੇ ਗ੍ਰੰਥਾਂ
ਜਿਸਦੀ ਵਿਆਖਿਆ ਉਪਮਾ ਕੀਤੀ ਹੈ
ਉਹ ਬ੍ਰਹਮ ਖ਼ੁਦ
ਇਸ ਮੰਦਰ ਵਿਚ ਬਰਾਜਮਾਨ ਹੈ
ਜਿਸ ਕਾਰਨ ਮਨੁੱਖ 'ਚ ਜਾਨ ਹੈ
ਇਹ ਸਵੈ ਪ੍ਰਾਣਾਂ ਦਾ ਪ੍ਰਾਣ ਹੈ
ਪ੍ਰਾਣਾਂ ਦਾ ਜਨਮ ਦਾਤਾ ਹੈ
ਬ੍ਰਹਿਮੰਡ ਦਾ ਵਿਧਾਤਾ ਹੈ

-0-

ਮਨੁੱਖ ਆਪਣੀ ਚੇਤਨਾ ਰਾਹੀਂ
ਪ੍ਰਾਣਾਂ ਦੀ
ਪਾਨ ਅਪਾਨ ਗਤੀ ਵਿਧੀ ਰਾਹੀਂ
ਆਪਣੇ ਸਵੈ ਨੂੰ ਸਿਮਰੇ
ਆਪਣੀ ਚੇਤਨਾ ਵਿਚ ਉਤਾਰੇ
ਅਭਿਆਸ ਕਰੇ ਸਵੈ ਸੱਚ ਪਾਵੇ
ਮਨੁੱਖ ਨਾ ਹਿੰਦੂ ਨਾ ਸਿੱਖ ਈਸਾਈ
ਨਾ ਮੁਸਲਮਾਨ ਹੈ
ਮਨੁੱਖ ਆਤਮਾ ਹੈ
ਦਾਤੇ ਦਾ ਦਿੱਤਾ ਜੋ ਮਨੁੱਖ ਨੂੰ ਨਾਮ ਹੈ

-0-

ਆਤਮਾ ਦਾ ਕੋਈ ਧਰਮ ਨਹੀਂ
ਕੋਈ ਮੰਦਰ ਮਸਜਿਦ ਨਹੀਂ
ਗਿਰਜਾ ਨਹੀਂ ਗ੍ਰੰਥ ਨਹੀਂ

ਆਤਮਾ ਦਾ
ਗ੍ਰੰਥ, ਸ਼ਾਸਤਰ, ਮੰਦਰ, ਮਸਜਿਦ
ਸਿਰਫ਼ ਇਨਸਾਨ ਹੈ
ਇਨਸਾਨੀਅਤ ਧਰਮ ਹੈ
ਆਤਮਾ ਨਾ ਜ਼ਾਤਾਂ ਪਾਤਾਂ
ਨਸਲਾਂ ਵਿਚ ਵੰਡਿਆ ਹੈ
ਨਾ ਧਰਮਾਂ ਵਿਚ ਤਕਸੀਮਿਆ ਹੈ
ਆਤਮਾ ਮਨੁੱਖ ਦਾ ਸੱਚ ਹੈ
ਮਨੁੱਖ ਦਾ ਸਵੈ ਹੈ
ਜੋ ਇਕ ਇਕਾਈ ਹੈ
ਦੁਨੀਆਂ ਦੇ ਹਰ ਜੀਵ ਜੰਤ
ਤੇ ਮਾਨਵ ਵਿਚ
ਜੋ ਇਕੋ ਰੂਪ ਸਮਾਈ ਹੈ

------

## ਆਸਨ

ਧਰਤੀ ਤੇ ਚਿਟਾਈ ਜਾਂ ਦਰੀ ਵਿੱਛਾ'ਕੇ ਆਪਣੇ ਆਪ ਨੂੰ ਸ਼ੁੱਧ ਕਰਕੇ ਚੌਕੜੀ ਮਾਰ ਕੇ ਬੈਠ ਜਾਓ। ਆਪਣੇ ਹੱਥ ਗੋਡਿਆਂ ਤੇ ਰੱਖੋ। ਸਰੀਰ ਸਿੱਧਾ ਰੱਖੋ ਅੱਖੀਆਂ ਅਰਧ ਖੁੱਲ੍ਹੀਆਂ ਨੱਕ ਦੀ ਨੋਕ ਤੇ ਟਿਕੀਆਂ ਹੋਈਆਂ ਹੋਣੀਆਂ ਚਾਹੀਦੀਆਂ ਹਨ। ਸਾਹਾਂ ਦੇ ਨਾਲ 'ਸੋਹੰ' ਸ਼ਬਦ ਦਾ ਜਾਪ ਕਰੋ। ਜਦ ਸਾਹ ਅੰਦਰ ਖਿੱਚੋ ਤਾਂ ਸੋ ਕਹੋ ਫਿਰ ਸਾਹ ਅੰਦਰ ਥੋੜ੍ਹੀ ਦੇਰ ਰੋਕੋ। ਫਿਰ ਸਾਹ ਬਾਹਰ ਕਢੋ ਤੇ ਹੰ ਕਹੋ ਫਿਰ ਸਾਹ ਥੋੜ੍ਹੀ ਦੇਰ ਰੋਕੋ। ਫਿਰ ਅੰਦਰ ਖਿੱਚੋ ਇਸ ਤਰ੍ਹਾਂ ਪ੍ਰਾਣਾਂ ਦੀ ਗਤੀ ਵਿਧੀ ਰਾਹੀਂ 'ਸੋਹੰ' ਸ਼ਬਦ ਦਾ ਜਾਪ ਕਰੋ। ਚੇਤਨਾ ਰਾਹੀਂ ਆਪਣਾ ਧਿਆਨ ਤ੍ਰੈਕੁਟੀ ਭਰਵੱਟਿਆਂ ਦੇ ਵਿਚਕਾਰ ਸਥਿਰ ਰੱਖੋ। ਤ੍ਰੈਕੁਟੀ 'ਚ "ਮਨ ਤੂੰ ਜੋਤ ਸਰੂਪ ਹੈ" ਦਾ ਜੋਤ ਰੂਪ ਉਜਾਗਰ ਕਰੋ। ਸਾਹਾਂ ਦੀ ਪ੍ਰਕਿਰਿਆ ਨਾਲ "ਤੂੰ ਆਤਮਾ ਹੈ" ਦਾ ਜਾਪ ਵੀ ਕੀਤਾ ਜਾ ਸਕਦਾ ਹੈ। ਸਾਹ ਅੰਦਰ ਲੈਣ ਲੱਗਿਆਂ "ਤੂੰ" ਕਹੋ ਸਾਹ ਬਾਹਰ ਕੱਢਣ ਲੱਗਿਆਂ "ਆਤਮਾ ਹੈ" ਕਹੋ।

"ਸੋਹੰ" ਸ਼ਬਦ ਦਾ ਅਰਥ ਅਸਲ 'ਚ "ਉਹ ਮੈਂ ਹਾਂ" ਹੈ। ਪਰ ਤੁਸੀਂ "ਸੋਹੰ" ਜਾਂ "ਤੂੰ ਆਤਮਾ ਹੈ" ਦਾ ਜਾਪ ਵੀ ਕਰ ਸਕਦੇ ਹੋ। ਪ੍ਰਮਾਤਮਾ ਪ੍ਰਾਪਤੀ ਲਈ "ਸੋਹੰ" ਜਾਂ "ਤੂੰ ਆਤਮਾ ਹੈ" ਦਾ ਜਾਪ ਹੈ। ਪ੍ਰਮਾਤਮਾ ਦੀ ਪ੍ਰਾਪਤੀ ਲਈ "ਸੋਹੰ ਸੋ" ਦਾ ਜਾਪ ਹੈ ਜਿਸਦਾ ਅਰਥ ਹੈ "ਉਹ ਮੈਂ ਹਾਂ ਮੈਂ ਉਹ ਹਾਂ"। ਖਿਆਲ ਰਹੇ ਤੁਹਾਡਾ ਮੂੰਹ EAST ਵੱਲ ਜਾਂ NORTH ਵੱਲ ਹੋਵੇ। ਇਹ ਆਸਨ ਵਿਧੀ ਹੈ। ਆਸਨ ਵਿਧੀ ਲੋੜ ਅਨੁਸਾਰ ਬਦਲੀ ਵੀ ਜਾ ਸਕਦੀ ਹੈ ਪਰ ਸਰੀਰਕ ਵਿਧੀ ਸਵਾਸਾਂ ਤੇ ਸ਼ਬਦ ਦੀ ਕਾਰਜ ਪ੍ਰਣਾਲੀ ਨਹੀਂ ਬਦਲੀ ਜਾ ਸਕਦੀ।

-0-

ਮਨੁੱਖ ਆਪਣੇ ਪ੍ਰਾਣਾਂ ਦੀ
ਗਤੀ ਵਿਧੀ ਰਾਹੀਂ
'ਸੋਹੰ' ਸ਼ਬਦ ਦਾ ਜਾਪ ਕਰਦਾ ਰਹੇ
ਆਪਣੀ ਚੇਤਨ ਸ਼ਕਤੀ ਨੂੰ
ਤ੍ਰੈਕੁਟੀ 'ਚ ਵਸਦੀ ਆਤਮਾ ਜੋਤ
ਤੇ ਕੇਂਦਰਿਤ ਰੱਖਦਾ ਰਹੇ
ਪ੍ਰਾਣਾਂ ਦੇ ਪਾਨ ਅਪਾਨ 'ਚ
ਵਕਫ਼ਾ ਰੱਖੇ
ਨਜ਼ਰ ਨੱਕ ਦੀ ਨੋਕ ਤੇ ਸਥਿਰ ਰਹੇ
ਚੇਤਨਾ ਰਾਹੀਂ
ਆਤਮਾ ਦੇ ਪ੍ਰਗਟਾਅ ਦਾ
ਸਿਮਰਨ ਤੇ ਧਿਆਨ ਕਰਦਾ ਰਹੇ
ਸਾਹਾਂ ਦੇ ਪਾਨ ਤੇ ਅਪਾਨ ਦੇ ਵਕਫ਼ੇ 'ਚ
ਸੰਤੁਲ਼ਨ ਵਾਧਾ ਸਿਰਜਦਾ ਰਹੇ

–0–

ਇਸ ਅਵਸਥਾ ਵਿਚ
ਮਨ ਦਾ ਘੋੜਾ ਦੌੜਦਾ ਹੈ ਟਿਕਦਾ ਨਹੀਂ
ਸੁਰਤੀ ਜੁੜਦੀ ਨਹੀਂ
ਚਾਨਣ ਕਿਤੇ ਲੱਭਦਾ ਨਹੀਂ
ਮਨ ਦਾ ਦੀਵਾ ਜਗਦਾ ਨਹੀਂ

–0–

## ਮਨ ਦਾ ਸੰਜਮ ਤੇ ਸੰਤੁਲਨ

ਅਜਿਹੀ ਅਵੱਸਥਾ 'ਚ
ਮਨ ਦੇ ਘੋੜੇ ਨੂੰ ਦੌੜਣ ਦਿਓ
ਰੋਕਣ ਦੀ ਲੋੜ ਨਹੀਂ
ਦੌੜਨਾ ਗਤੀ ਹੈ
ਜੇ ਗਤੀ ਹੀ ਰੁਕ ਗਈ
ਤਾਂ ਜ਼ਿੰਦਗੀ ਹੀ ਮੁੱਕ ਗਈ

-0-

ਘੋੜੇ ਨੂੰ ਮਨ ਬੁੱਧੀ ਤੇ ਚੇਤਨਾ
ਦੀ ਇਕਾਈ ਸਮਝਾਉਣ ਦੀ ਲੋੜ ਹੈ
ਇਸ ਇਕਾਈ ਦਾ ਸੱਚ
ਵਿਖਾਉਣ ਦੀ ਲੋੜ ਹੈ
ਜੋ ਸੱਚ ਮਨੁੱਖੀ ਹੋਂਦ ਦਾ ਸੱਚ ਹੈ
ਮਨੁੱਖੀ ਭਾਲ ਦਾ
ਸੱਚ ਹੈ
ਮਨੁੱਖੀ ਵਿਚਾਰ ਦਾ ਸੱਚ ਹੈ

-0-

ਇਹ ਸੱਚ
ਘੋੜੇ ਦੇ ਪੈਰਾਂ ਨੂੰ ਲਾਉਣ ਦੀ ਲੋੜ ਹੈ
ਘੋੜਾ ਜਦ ਇਸ ਦਿਸ਼ਾ ਵੱਲ
ਦੌੜਣ ਦਾ ਆਦੀ ਹੋ ਜਾਏ
ਸਮਝੋ ਮਨੁੱਖ ਨੇ
ਆਪਣੇ ਸਵੈ ਤੇ ਸਵੈ ਦੀ ਤ੍ਰਿਸ਼ਨਾ ਨੂੰ
ਪਾ ਲਿਆ
ਆਪਣਾ ਜੀਵਨ ਸਫਲਾ ਬਣਾ ਲਿਆ

-0-

ਘੋੜਾ ਜਿਉਂ ਜਿਉਂ
ਇਸ ਦਿਸ਼ਾ ਵੱਲ ਦੋੜਣ ਦਾ
ਅਭਿਆਸੀ ਹੋਵੇਗਾ
ਮਨੁੱਖ ਕੁਦਰਤ ਤੇ ਕਾਦਰ ਦੀ
ਇਕਾਈ ਸਮਝੇਗਾ
(ਇਕਾਈ ਤੋਂ ਭਾਵ ਮਨੁੱਖ ਕੁਦਰਤ
ਤੇ ਕਾਦਰ ਦੀ ਇਕ ਜੋਤ)
ਮਨ ਦਾ ਘੋੜਾ
ਜਦ ਕੁਦਰਤ ਤੇ ਕਾਦਰ ਦੇ ਰਾਹ ਤੇ
ਦੌੜਦਾ ਹੈ
ਫਜ਼ੂਲ ਰਾਹਾਂ ਦਾ ਸਫ਼ਰ ਤਿਆਗਦਾ ਹੈ

–0–

ਚੇਤਨਾ ਲਈ ਸਵੈ ਨੂੰ ਜਾਣਦਾ ਹੈ
ਅਨੁਕੂਲ ਮਾਹੌਲ ਸਿਰਜਦਾ ਹੈ
ਅਧਿਆਤਮਕ ਸਫ਼ਰ 'ਚ ਰਹਿੰਦਾ ਹੈ
ਮਨ ਦੇ ਘੋੜੇ ਦਾ ਅਧਿਆਤਮਕ ਨੂਰ 'ਚ
ਵਿਚਰਨਾ ਹੀ
ਮਨੁੱਖੀ ਚੇਤਨਾ ਦੀ ਸ਼ਕਤੀ ਹੈ
ਮਨ ਮੰਦਰ ਦੀ ਅਰਾਧਨਾ ਹੈ
ਦੇਹ 'ਚ ਵਸਦੀ ਆਤਮਾ ਦੀ ਭਗਤੀ ਹੈ

–0–

ਮਨ ਦਾ ਘੋੜਾ
ਜਦ ਪ੍ਰਕਿਰਤੀ ਦੇ ਪਿੰਡੇ 'ਚ ਦੌੜਦਾ ਹੈ

ਪ੍ਰਕਿਰਤੀ ਦੀ ਮਹਿਕ ਜਿਉਂਦਾ ਹੈ
ਹਰਿਆਵਲ ਹੰਢਾਉਂਦਾ ਹੈ
ਬਹਾਰਾਂ ਦਾ ਜਿਸਮ ਫੜਦਾ ਹੈ
ਮੌਸਮਾਂ ਦੇ ਗਲ ਲੱਗਦਾ ਹੈ
ਕਲੀਆਂ ਦੀ ਗਰਭ ਚੋਂ
ਫੁੱਲਾਂ ਦੀ ਜਨਮ ਪੀੜਾ ਜਰਦਾ ਹੈ
ਫੁੱਲਾਂ ਦੇ ਰੰਗਾਂ 'ਚ ਉਤਰਦਾ ਹੈ
ਪ੍ਰਕਿਰਤੀ 'ਚ ਸਾਹ ਲੈਂਦਾ ਹੈ
ਰੁੱਖਾਂ ਤੇ ਆਇਆ ਬੂਰ ਚਰਦਾ ਹੈ

-0-

ਕੁਦਰਤ ਦੀ ਬੁੱਕਲ 'ਚ ਬਹਿੰਦਾ ਹੈ
ਕੁਦਰਤ ਦਾ ਨਿੱਘ
ਆਪਣੇ ਸਾਹਾਂ 'ਚ ਉਤਾਰਦਾ ਹੈ
ਟਹਿਣੀ ਟਹਿਣੀ ਪੱਤੇ ਪੱਤੇ ਦੀ
ਜ਼ੁਬਾਨ ਬੋਲਦਾ ਹੈ
ਮਨੁੱਖੀ ਚੇਤਨਾ 'ਚ
ਹਵਾ ਦੀ ਗਤੀ ਅੱਗਣ ਦੇ ਤੇਜ਼
ਜਲ ਦੇ ਰਸ ਅੰਬਰ ਦੇ ਸ਼ਬਦ
ਧਰਤੀ ਦੀ ਸੁਗੰਧ ਦਾ ਭੇਦ
ਖੋਲ੍ਹਦਾ ਹੈ
ਕੁਦਰਤ ਦੇ ਚਿਹਰੇ ਚੋਂ
ਕਾਦਰ ਦਾ ਚਿਹਰਾ ਸਿਰਜਦਾ ਹੈ
ਮਨੁੱਖ ਕੁਦਰਤ ਤੇ ਕਾਦਰ ਦੀ ਇਕਾਈ 'ਚ
ਢਲਦਾ ਹੈ

-0-

ਚੇਤਨਾ ਦੁਆਲੇ ਮਨ ਦਾ ਘੋੜਾ
ਕੁਦਰਤੀ ਨੂਰ ਬੁਣਦਾ ਹੈ
ਸੁਰਤੀ ਜੁੜਦੀ ਹੈ
ਕੁਦਰਤ ਤੇ ਕਾਦਰ ਵੱਲ ਮੁੜਦੀ ਹੈ
ਮਨ ਦੇ ਘੋੜੇ ਦਾ
ਸਹੀਂ ਦਿਸ਼ਾ 'ਚ ਦੌੜਨਾ ਹੀ
ਸੁਰਤੀ ਦੀ ਇਕਾਗਰਤਾ ਹੈ
ਸੁਰਤੀ 'ਚ
ਮਨੁੱਖੀ ਸਵੈ ਦੀ ਉਜਾਗਰਤਾ ਹੈ
ਸੁਰਤੀ ਸਾਧਨਾਂ 'ਚ
ਸੁਰਤੀ ਦੀ ਇੱਛਾ
ਸਵੈ ਵੱਲ ਗਤੀਸ਼ੀਲ ਰਹਿੰਦੀ ਹੈ

-0-

ਮਨ ਦਾ ਘੋੜਾ
ਅਧਿਆਤਮਕ ਸਫ਼ਰ ਕਰਦਾ ਹੈ
ਆਪਣਾ ਮੂਲ ਪਹਿਚਾਣਦਾ ਹੈ
ਆਪਣੇ ਮੂਲ 'ਚ
ਜੋਤ ਦੀ ਤ੍ਰਿਸ਼ਨਾ ਉਤਾਰਦਾ ਹੈ
ਕਾਮ ਕ੍ਰੋਧ ਲੋਭ ਮੋਹ ਹੰਕਾਰ
ਤਿਆਗਦਾ ਹੈ
ਕੁਦਰਤ ਚੋਂ ਸੱਚ ਤੇ ਸੁੰਦਰਤਾ ਦਾ ਨਾਦ
ਸੁਣਦਾ ਹੈ

ਆਪਣੇ ਅੰਦਰ ਤੇ ਦੁਆਲੇ
ਨੂਰ ਬੁਣਦਾ ਹੈ
ਨੂਰ 'ਚ ਢਲਦਾ ਹੈ ਨੂਰ 'ਚ ਰਲਦਾ ਹੈ

-0-

ਮਨ ਦਾ ਘੋੜਾ
ਬ੍ਰਹਿਮੰਡਾਂ ਅਕਾਸ਼ਾਂ ਚੰਨਾਂ
ਸੂਰਜਾਂ ਤਾਰਿਆਂ ਦੇ ਪਿੰਡੇ 'ਚ
ਦੌੜਦਾ ਹੈ
ਸੂਰਜਾਂ ਤੇ ਤੇਜ 'ਚ ਬਹਿੰਦਾ ਹੈ
ਚੰਨ ਦੀ ਚਾਂਦਨੀ 'ਚ ਨਹਾਉਂਦਾ ਹੈ
ਤਾਰਿਆਂ ਦੀ ਲੋਅ
ਆਪਣੇ ਨੈਣਾਂ 'ਚ ਪਾਉਂਦਾ ਹੈ

-0-

ਅਕਾਸ਼ ਦੇ ਸਿਖ਼ਰ ਤਕ
ਅਕਾਸ਼ 'ਚ ਉਤਰਦਾ ਹੈ
ਅਕਾਸ਼ ਦੇ ਆਰ ਪਾਰ ਦਾ ਨੂਰ
ਆਪਣੇ ਸਾਹਾਂ 'ਚ ਵਸਾਉਂਦਾ ਹੈ
ਅਕਾਸ਼ ਦੀਆਂ ਪੁਰੀਆਂ 'ਚ
ਨੂਰ ਦੀ ਆਰਤੀ ਉਤਾਰਦਾ ਹੈ
ਪੌਣਾਂ ਦੇ ਸੰਗੀਤ ਦੀਆਂ ਧੁੰਨਾ ਨੂੰ
ਪ੍ਰਕਿਰਤੀ ਦੇ ਹੁਸਨ ਤੇ ਜੋਬਨ ਦਾ
ਅਰਘਾ ਚੜ੍ਹਾਉਂਦਾ ਹੈ
ਅਕਾਸ਼ ਹਵਾ ਅੱਗ ਜਲ

ਧਰਤੀ ਦੀ ਸਮੱਗਰੀ
ਨੂਰ ਦੇ ਚਰਨਾਂ 'ਚ ਧਰਦਾ ਹੈ

-0-

ਮਨ ਦਾ ਘੋੜਾ
ਸੁਰਤੀ ਲਈ ਨੂਰ ਦਾ ਦੁਆਰ ਖੋਲ੍ਹਦਾ ਹੈ
ਸੁਰਤੀ ਦੀ ਦੇਹ 'ਚ
ਬ੍ਰਹਿਮੰਡਾਂ ਦਾ ਨੂਰ ਉਤਾਰਦਾ ਹੈ
ਮਨ ਦਾ ਘੋੜਾ
ਸੁਰਤੀ ਦੁਆਲੇ ਰੱਬੀ ਮਾਹੌਲ
ਸਿਰਜਦਾ ਹੈ
ਆਪਣੇ ਮੂਲ ਦੇ ਚਾਨਣ 'ਚ ਘਿਰਦਾ ਹੈ

-0-

ਗ੍ਰਿਹਾਂ ਉਪ-ਗ੍ਰਿਹਾਂ ਦੀਆਂ
ਗਤੀਆਂ ਤੇ ਪ੍ਰਭਾਵ ਜਿਉਂਦਾ ਹੈ
ਕੁਦਰਤ ਦੇ ਨਿਯਮਾਂ
ਤੇ ਕਾਦਰ ਦੇ ਸੰਵਿਧਾਨ ਦਾ
ਅਨੁਭਵੀ ਹੁੰਦਾ ਹੈ
ਏਕੇ ਦਾ ਸ਼ਬਦ ਉਚਾਰਦਾ ਹੈ,
ਸੰਕਲਪ ਤੇ ਨਿਰੰਤਰਤਾ ਭੋਗਦਾ ਹੈ
ਸੰਕਲਪ ਦਾ ਆਦਿ ਜੁਗਾਦਿ
ਹੈ ਭੀ ਸੱਚ ਹੋਸੀ ਭੀ ਸੱਚ ਦਾ
ਅਰਥ ਸੰਚਾਰਦਾ ਹੈ

-0-

ਮਨ ਦਾ ਘੋੜਾ
ਸਵੈ ਪ੍ਰਗਟੇ ਸੱਚ ਦੀ

ਮ੍ਰਿਤਯੂ ਰਹਿਤ ਚਿੰਰਜੀਵਤਾ
ਨਿਰੰਤਰਤਾ ਦੀ ਹੋਂਦ ਪਹਿਚਾਣਦਾ ਹੈ
ਮਨ ਦੀ ਉੱਡਾਰੀ ਪਹੁੰਚ ਤੇ ਗਤੀ
ਚੇਤਨਾ ਤੋਂ ਤੇਜ਼ ਲੰਮੇਰੀ ਤੇ ਉੱਚੇਰੀ ਹੈ
ਮਨੋਬਲ ਚੇਤਨਾ ਦੇ ਰਾਹ 'ਚ
ਸੂਰਜ ਧਰਦਾ ਹੈ
ਦੇਹ ਵਿਚਾਲੇ ਸਵੈ ਅਤੇ ਸਵੈ ਤ੍ਰਿਸ਼ਨਾ ਦਾ
ਚੇਤਨ ਅਨੁਭਵ 'ਚ ਚਾਨਣ ਕਰਦਾ ਹੈ

-0-

ਚੇਤਨਾ ਲਈ ਮਨ ਦਾ ਘੋੜਾ
ਸਵੈ ਤੋਂ ਸਵੈ ਤ੍ਰਿਸ਼ਨਾ ਦੇ ਸੱਚ ਤੱਕ
ਅੱਪੜਣ ਦੀ ਸਵਾਰੀ ਹੈ
ਮਨ ਦੇ ਘੋੜੇ ਨੇ ਆਪਣੇ ਅਕਾਰ 'ਚ
ਬ੍ਰਹਿਮੰਡ ਤਾਰਕਾ ਮੰਡਲ ਖਲਕ ਤੇ
ਖਲਕਤ ਉਤਾਰੀ ਹੈ

-0-

ਚੇਤਨਾ
ਜਿਸ ਸੱਚ ਦਾ ਅਨੁਭਵ
ਯੁੱਗਾਂ 'ਚ ਕਰਦੀ ਹੈ
ਮਨੋਬਲ ਸੰਗ
ਚੇਤਨਾ ਉਸ ਸੱਚ ਤੱਕ ਪਲਾਂ 'ਚ
ਅੱਪੜਦੀ ਹੈ
ਮਨ ਦੇ ਘੋੜੇ ਨੂੰ ਦੌੜਣ ਦਿਓ

ਰੋਕਣ ਦੀ ਲੋੜ ਨਹੀਂ
ਮਨ ਬੁੱਧੀ ਤੇ ਚੇਤਨਾ ਦੀ
ਇਕਾਈ ਸਮਝਾਉਣ ਦੀ ਲੋੜ ਹੈ
ਇਸ ਇਕਾਈ ਦਾ ਸੱਚ
ਵਿਖਾਉਣ ਦੀ ਲੋੜ ਹੈ

-0-

ਜੋ ਸੱਚ
ਮਨੁੱਖੀ ਹੋਂਦ ਦਾ ਸੱਚ ਹੈ
ਮਨੁੱਖੀ ਭਾਲ ਦਾ ਸੱਚ ਹੈ
ਮਨੁੱਖੀ ਵਿਕਾਰ ਦਾ ਸੱਚ ਹੈ
ਉਸ ਸੱਚ ਦੀਆਂ ਦਿਸ਼ਾਵਾਂ
ਵਿਖਾਉਣ ਦੀ ਲੋੜ ਹੈ
ਸੱਚ ਦਾ ਪੈਂਡਾ
ਘੋੜੇ ਦੇ ਪੈਰਾਂ ਨੂੰ ਲਾਉਣ ਦੀ ਲੋੜ ਹੈ

-0-

ਮਨ ਦਾ ਘੋੜਾ
ਧਰਤੀ ਦੇ ਪਿੰਡੇ ਚ ਦੌੜਦਾ ਹੈ
ਧਰਤੀ ਦੀ ਉਤਪੱਤੀ 'ਚ ਵਿਚਰਦਾ ਹੈ
ਧਰਤੀ ਆਪਣੀ ਕੁੱਖ ਚੋਂ
ਪ੍ਰਕਿਰਤੀ ਜੰਗਲ ਪਹਾੜ ਸਾਗਰ
ਦਰਿਆ ਨਦੀਆਂ
ਮਨੁੱਖ ਤੇ ਮਨੁੱਖਤਾ ਜਨਮਦੀ ਹੈ
ਅੰਬਰ ਦਾ ਸਾਇਆ
ਆਪਣੀ ਗੋਦ 'ਚ ਖਡਾਉਂਦੀ ਹੈ

-0-

ਮਨੁੱਖਤਾ ਦੀਆਂ ਔਕੜਾਂ
ਦੁੱਖ ਤਕਲੀਫ਼ਾਂ
ਆਪਣੀ ਝੋਲੀ 'ਚ ਪਾਉਂਦੀ ਹੈ
ਖ਼ੁਸ਼ੀਆਂ ਰੌਣਕਾਂ
ਮੌਸਮ ਬਹਾਰਾਂ ਤੇ ਗੁਲਜਾਰ
ਮਨੁੱਖਤਾ ਦੇ ਵਿਹੜੇ ਉੱਗਾਉਂਦੀ ਹੈ
ਮਨ ਦਾ ਘੋੜਾ
ਧਰਤ ਦਾ ਨਿੱਘ ਗੋਦ ਤੇ
ਮਮਤਾ ਹੰਢਾਉਂਦਾ ਹੈ

-0-

ਰੱਬ ਜਿਹਾ ਮਮਤਾ ਦਾ
ਇਕ ਬੁੱਤ ਬਣਾਉਂਦਾ ਹੈ
ਮਾਂ ਦੀ ਮਮਤਾ ਤੋਂ
ਰੱਬੀ ਸਿਰਜਣਾ ਤਕ ਪਹੁੰਚ ਜਾਂਦਾ ਹੈ
ਧਰਤ ਦੇ ਚਿਹਰੇ ਚੋਂ ਰੱਬ ਨਜ਼ਰ ਆਉਂਦਾ ਹੈ

-0-

ਧਰਤੀ ਲੱਖਾਂ ਜੀਵ ਜੰਤੂ
ਆਪਣੀ ਕੁੱਖ 'ਚੋਂ ਜਨਮਦੀ ਤੇ ਪਾਲਦੀ ਹੈ
ਚੰਨ ਸੂਰਜ ਸਿਤਾਰੇ
ਆਪਣੀ ਗੋਦ 'ਚ ਉਤਾਰਦੀ ਹੈ
ਗਿਆਨ ਵਿਗਿਆਨ ਦਰਸ਼ਨ
ਵੇਦਾਂ ਗ੍ਰੰਥਾਂ ਸ਼ਾਸਤਰਾਂ ਦੀ
ਜਨਮਦਾਤੀ ਹੈ

ਮਨੁੱਖ ਮਨੁੱਖਤਾ ਤੇ ਪ੍ਰਕਿਰਤੀ ਦੀ
ਵਿਧਾਤੀ ਹੈ

-0-

ਮਨੁੱਖ ਦਾ ਭੂਤ ਵਰਤਮਾਨ
ਤੇ ਭਵਿੱਖ ਸੁਆਰਦੀ ਹੈ
ਸਾਗਰ ਸਹਿਰਾ ਜਨਮਦੀ ਹੈ
ਸੁੱਚੇ ਜਲ ਦੇ ਚਸ਼ਮੇ
ਆਪਣੀ ਹਿੱਕ ਚੋਂ ਉਸਾਰਦੀ ਹੈ
ਮਨ ਦਾ ਘੋੜਾ ਇਹ ਸਭ ਕੁੱਝ
ਆਪਣੀ ਦੇਹ ਤੇ ਹੰਢਾਉਂਦਾ ਹੈ
ਧਰਤੀ ਦੇ ਸੱਚ 'ਚ ਉਤਰ ਜਾਂਦਾ ਹੈ

-0-

ਧਰਤੀ ਰਾਤ ਦਿਨ ਤੇ ਜਗਤ
ਆਪਣੀ ਗੋਦ 'ਚ ਖਿਡਾਉਂਦੀ ਹੈ
ਸਵੇਰੇ ਜੱਪਜੀ ਦੀ ਸੁਰ ਅਲਾਪਦੀ ਹੈ
ਰਹਿਰਾਸ ਤ੍ਰਕਾਲੀਂ ਸੁਣਦੀ ਸੁਣਾਉਂਦੀ ਹੈ
ਸਿਰਜਣਾ ਉਤਪੱਤੀ
ਦਯਾ ਨਿਮਰਤਾ ਸਹਿਨਸ਼ੀਲਤਾ
ਸਬਰ ਸੰਤੋਖ ਦੀਆਂ ਜੋਤਾਂ
ਮਨੁੱਖ ਤੇ ਮਨੁੱਖਤਾ 'ਚ ਜਗਾਉਂਦੀ ਹੈ
ਭਾਣੇ 'ਚ ਰਹਿਣ ਦਾ ਬਲ ਬਖਸ਼ਦੀ ਹੈ
ਭਾਣਾ ਮੰਨਣਾ ਸਿਖਾਉਂਦੀ ਹੈ

-0-

ਦੁਨੀਆਂ ਦੇ ਰਿਸ਼ੀਆਂ ਮੁਨੀਆਂ
ਭਗਵਾਨਾਂ ਤੋਂ ਪੁਰਾਣੀ ਹੈ

ਨੂਰ ਦੇ ਜਨਮ ਤੇ ਵਿਸਥਾਰ ਜਿੱਡੀ
ਇਸਦੀ ਕਹਾਣੀ ਹੈ
ਨੂਰ ਦੀ ਬੁੱਕਲ ਧਰਤੀ ਨੇ ਮਾਰੀ ਹੈ
ਨੂਰ ਦੀ ਦੇਹ ਆਪਣੀ ਦੇਹ ਚ ਉਤਾਰੀ ਹੈ

-0-

ਮਨ ਦੇ ਘੋੜੇ ਨੇ
ਧਰਤੀ ਨੂੰ ਧਿਆਇਆ ਹੈ
ਧਰਤੀ ਦੇ ਜ਼ਰੇ ਜ਼ਰੇ 'ਚ'
ਜੋ ਸਮਾਇਆ ਹੈ
ਮਨ ਦੇ ਘੋੜੇ ਨੇ
ਉਹ ਸੱਚ ਪਾਇਆ ਹੈ
ਧਰਤੀ ਖੁਦਾ ਹੈ ਆਪੇ
ਆਪ ਖੁਦਾਈ ਹੈ
ਧਰਤੀ ਮਨੁੱਖ ਤੇ
ਕਾਦਰ ਦੀ ਇਕਾਈ ਹੈ

-0-

ਧਰਤੀ ਮੌਤੋਂ ਪਹਿਲਾਂ
ਮਨੁੱਖ ਦੀ ਜਨਮ ਦਾਤੀ ਹੈ
ਮੌਤੋਂ ਪਿੱਛਲੇਰਾ
ਮਨੁੱਖ ਦਾ ਵੱਸਣ ਸਥਾਨ ਹੈ
ਜੀਵਨ ਗੁਜ਼ਰ ਹੈ
ਮੋਖਸ਼ਾ ਦਾ ਘਰ ਹੈ
ਧਰਤੀ ਉਹ ਤੀਰਥ ਹੈ
ਜਿਸਦੀ ਸਮੱਗਰੀ ਮਨੁੱਖਤਾ ਹੈ
ਜਿਸਦੀ ਪੂਜਾ ਕਰਤਾ ਹੈ

ਮਨ ਦਾ ਘੋੜਾ
ਧਰਤੀ ਦੇ ਗੁਣਾਂ ਨੂੰ ਧਾਰਦਾ ਹੈ
ਧਰਤੀ ਦਾ ਸੱਚ ਆਪਣੇ 'ਚ ਉਤਾਰਦਾ ਹੈ

-0-

ਧਰਤੀ ਦਾ ਰੂਪ ਹੋ
ਆਪਣੇ ਚੋਂ ਪ੍ਰਕਿਰਤੀ ਮਨੁੱਖ ਤੇ
ਮਨੁੱਖਤਾ ਉਸਾਰਦਾ ਹੈ
ਸੱਚ ਸੁੰਦਰਤਾ ਕਲਿਆਣ
ਮਨੁੱਖ ਦੀ ਸੁਰਤੀ 'ਚ ਉਤਾਰਦਾ ਹੈ
ਧਰਤੀ ਦੀ ਨਿਮਰਤਾ
ਅੰਬਰ ਦੀ ਉੱਚਾਈ ਸਿਰਜਦਾ ਹੈ
ਧਰਤੀ ਦੀ ਕੁੱਖ ਦੀ ਪੀੜਾ
ਤੇ ਗੋਦੀ ਦਾ ਨਿੱਘ
ਦਿਲ 'ਚ ਵਸਾਉਂਦਾ ਹੈ
ਧਰਤੀ ਜੇਡਾ ਨੀਵਾਂ ਹੋ
ਅੰਬਰ ਦੀ ਉੱਚਾਈ ਪਾਉਂਦਾ ਹੈ

-0-

ਧਰਤੀ ਦੇ ਅੰਗਾਂ ਤੇ ਨਕਸ਼ਾਂ ਦੀ
ਖੁਸ਼ਬੂ
ਅੰਬਰ ਦੇ ਸਾਹਾਂ ਚੋਂ ਮਾਣਦਾ ਹੈ
ਧਰਤੀ ਦੀ ਗਹਿਰਾਈ 'ਚ
ਅੰਬਰ ਦਾ ਵਸੇਰਾ ਹੈ
ਅੰਬਰ ਦੀ ਉੱਚਾਈ 'ਚ ਧਰਤੀ ਦਾ ਡੇਰਾ ਹੈ
ਧਰਤੀ ਕਾਦਰ ਦੀ ਦੇਹ ਦਾ ਸਾਇਆ ਹੈ

ਅੰਬਰ ਦਾ ਰੱਬ ਜਦ ਵੀ ਉਤਰਦਾ ਹੈ
ਧਰਤੀ ਤੇ ਆਇਆ ਹੈ
ਵਿਸ਼ਵ ਸਰੂਪ ਹੋ ਮਨੁੱਖਤਾ 'ਚ
ਸਮਾਇਆ ਹੈ

-0-

ਧਰਤੀ ਦੀ ਸੁਗੰਧ
ਸੁਰਤੀ 'ਚ ਵਸਾਉਂਦਾ ਹੈ
ਧਰਤੀ ਦੇ ਪਿੰਡੇ ਵਸਦੀ ਕੁਦਰਤ ਚੋਂ
ਕਾਦਰ ਦੇ ਦਰਸ਼ਨ ਪਾਉਂਦਾ ਹੈ
ਆਪਣੀ ਮੈਂ ਤੇ ਪੈਰ ਟਿਕਾ ਕੇ
ਤੂੰ ਹੀ ਤੂੰ ਧਿਆਉਂਦਾ ਹੈ
ਟੱਪ ਕੇ ਆਪਣੀ ਦੇਹ ਦੀ ਸਰਦਲ
ਆਤਮ ਸੱਚ ਹੋ ਜਾਂਦਾ ਹੈ

-0-

ਮਨ ਦੇ ਘੋੜੇ ਨੂੰ ਦੌੜਨ ਦਿਓ
ਰੋਕਣ ਦੀ ਲੋੜ ਨਹੀਂ
ਮਨ ਬੁੱਧੀ ਤੇ ਚੇਤਨਾ ਦੀ
ਇਕਾਈ ਸਮਝਾਉਣ ਦੀ ਲੋੜ ਹੈ
ਇਕਾਈ ਦੀ ਦਿਸ਼ਾ ਵਿਖਾਉਣ ਦੀ ਲੋੜ ਹੈ
ਇਕਾਈ ਦਾ ਪੈਂਡਾ
ਘੋੜੇ ਦੇ ਪੈਰਾਂ ਨੂੰ ਲਾਉਣ ਦੀ ਲੋੜ ਹੈ

-0-

ਮਨ ਦੇ ਘੋੜੇ ਨੂੰ
ਅੱਗ ਦਾ ਪਿੰਡਾ ਗਾਹੁਣ ਦਿਓ
ਅੱਗਣ ਤੇਜ ਹੰਢਾਉਣ ਦਿਓ

ਅੱਗ ਦਾ ਸਿਖ਼ਰ ਤੇ ਤਲ
ਨਾਪਣ ਦਿਓ
ਜੰਗਲ ਦੀ ਅੱਗ ਵਿਚ ਉਤਰਨ ਦਿਓ
ਸਾਗਰ ਦੀ ਅੱਗ ਪਿੰਡੇ ਵਿਚਰਨ ਦਿਓ
ਪਹਾੜਾਂ ਦੀ ਅੱਗ ਜਿਉਣ ਦਿਓ
ਸਾਹਿਰਾ ਦਾ ਤਾਅ ਪੀਣ ਦਿਓ
ਮਨ ਦੇ ਘੋੜੇ ਨੂੰ ਅੱਗਣ ਦੇ ਵੱਖ ਵੱਖ ਰੂਪਾਂ
ਪ੍ਰਕਿਰਤੀਆਂ ਪ੍ਰਵਿਰਤੀਆਂ ਦਾ
ਜਦ ਗਿਆਨ ਹੋਵੇਗਾ
ਅੱਗਣ ਤੇਜ ਦਾ ਸੱਚ ਅਨੁਭਵਨਾ
ਆਸਾਨ ਹੋਵੇਗਾ

-0-

ਮਨ ਦੇ ਘੋੜੇ ਨੂੰ
ਅੱਗਣ ਵਿਚਰਨ ਦੇ ਵੱਖ ਵੱਖ
ਰੂਪਾਂ ਦਾ ਅਹਿਸਾਸ ਹੋਵੇਗਾ
ਅੱਗਣ ਤੇਜ ਦੇ ਸੱਚ ਦਾ
ਮਨ ਦੇ ਘੋੜੇ ਦੀ ਚੇਤਨਾ ਵਿਚ
ਪ੍ਰਕਾਸ਼ ਹੋਵੇਗਾ
ਮਨ ਦਾ ਘੋੜਾ ਤੇਜ ਸੱਚ ਦਾ
ਮਨੁੱਖ ਹਿਰਦੇ ਦੀਵਾ ਬਾਲੇਗਾ
ਮਨੁੱਖੀ ਚੇਤਨਾ ਲਈ
ਆਤਮ ਸੱਚ ਦਾ ਦਰ ਖੋਲ੍ਹੇਗਾ
ਮਨੁੱਖ ਵਿਚ ਵੱਸਦਾ ਰੱਬ ਬੋਲੇਗਾ

-0-

ਚੰਨਾਂ ਸੂਰਜਾਂ ਤਾਰਿਆਂ ਦੀ ਅੱਗ
ਗ੍ਰਿਹਾਂ ਉਪ-ਗ੍ਰਿਹਾਂ ਤੋਂ ਵੱਖਰੀ ਹੈ
ਨੈਣਾਂ ਦੇ ਨਿੱਘ ਦੀ ਅੱਗ
ਪਿਆਰ ਦੀ ਅੱਗ ਤੋਂ ਵੱਖਰੀ ਹੈ
ਦੇਹ ਦੀ ਅੱਗ
ਸਾਹਾਂ ਦੀ ਅੱਗ ਤੋਂ ਅਲੱਗ ਹੈ
ਧਰਤੀ ਦੀ ਅੱਗ ਤੋਂ ਵੱਖ ਹੈ
ਬੀਜ ਫੁੱਲਾਂ ਪਤਿਆਂ ਦੀ ਅੱਗ ਦੀ
ਆਪਣੀ ਲੋਅ ਸੁਰ ਸਾਜ ਹੈ
ਕਾਮ ਕ੍ਰੋਧ ਲੋਭ ਮੋਹ ਹੰਕਾਰ
ਦੀ ਅੱਗ ਦਾ ਵੱਖਰਾ ਅੰਦਾਜ਼ ਹੈ
ਹੋਮਾ ਯੱਗਾਂ ਦੀ ਅੱਗ ਦੀ
ਆਪਣੀ ਖੁਸ਼ਬੂ ਹੈ
ਵੇਦਾਂ ਗ੍ਰੰਥਾਂ ਸ਼ਾਸਤਰਾਂ ਦੇ
ਕਾਲੇ ਅੱਖਰਾਂ ਦੀ ਅੱਗ ਦੀ
ਵੱਖਰੀ ਰੂਹ ਹੈ ਵੱਖਰਾ ਰੂਪ ਹੈ
ਅੱਗ ਕੁਲ ਬ੍ਰਹਿਮੰਡ ਦੀ ਜੋਤ ਸਰੂਪ ਹੈ

-0-

ਮਨ ਦਾ ਘੋੜਾ
ਅੱਗਣ ਦੇ ਇਨ੍ਹਾਂ ਰੂਪਾਂ ਨੂੰ
ਜਦ ਜਾਣੇਗਾ
ਅੱਗ ਦੀ ਰੌਸ਼ਨੀ ਨਿੱਘ ਤੇ
ਤੇਜ ਪਹਿਚਾਣੇਗਾ

ਵਿਚਰਨ ਧਰਾਤਲ ਅੱਗਣ ਦਾ
ਆਪਣੇ ਵਿਚ ਉਤਾਰੇਗਾ
ਹੰਢਾਏਗਾ
ਇਸਦਾ ਅਭਿਆਸੀ ਹੋ ਜਾਏਗਾ
ਅੰਗ ਦੇ ਸਿਖਰ ਤੇ ਤਲ ਵਿਚਲੇ
ਸੰਤੁਲਨ ਨੂੰ ਖੋਜੇਗਾ
ਸੰਤੁਲਨਤਾ ਦਾ ਵਿਚਰਨ
ਮਨ ਦਾ ਘੋੜਾ
ਆਪਣੀ ਚੇਤਨਾ 'ਚ ਬੀਜੇਗਾ
ਉੱਗਾਏਗਾ
ਇਸ ਪ੍ਰਕਿਰਿਆ ਦਾ ਸੱਚ
ਮਾਨਵ ਤਲੀ ਤੇ ਧਰ ਜਾਏਗਾ

-0-

ਮਨੁੱਖੀ ਚੇਤਨਾ
ਅੱਗ ਦੇ ਵੱਖ ਵੱਖ ਰੂਪਾਂ ਦੇ ਵਜ਼ੂਦ
ਤੇਜ ਦੀਆਂ ਵੱਖ ਵੱਖ ਬ੍ਰਿਤੀਆਂ ਦੇ
ਪ੍ਰਭਾਵ ਤੋਂ ਜਾਣੂ ਹੋ ਜਾਏਗੀ
ਆਪਣੀ ਰਾਹ 'ਚ
ਅੱਗਣ ਤੇਜ ਵਿੱਛਾਏਗੀ
ਸਵੈ ਸੱਚ ਤਕ ਅੱਪੜ ਜਾਏਗੀ

-0-

ਇਸ ਅੱਗ ਦੇ ਵੱਖ ਵੱਖ ਰੂਪ
ਤੇ ਤੇਜ ਸਰੂਪ

ਸੁਰਤੀ ਮਨੁੱਖੀ ਦੇਹ ਦੇ ਵਿਚ
ਉੱਗਾਏਗੀ
ਮਨੁੱਖ ਦੀ ਸੋਚਣੀ
ਵਿਸ਼ਾਲ ਗਹਿਰੀ ਤੇ ਉੱਚੀ
ਹੋ ਜਾਏਗੀ
ਮਨੁੱਖ ਦੇ ਵਿਚਰਨ ਧਰਾਤਲ ਨੂੰ
ਚਾਰ ਚੰਨ ਲਗਾਏਗੀ
ਮਨੁੱਖ ਦਾ ਗਿਆਨ ਵਿਗਆਨ
ਤੇ ਦਰਸ਼ਨ ਵਧੇਗਾ
ਸੱਚ ਦਾ ਸੂਰਜ
ਜ਼ਿੰਦਗੀ ਦੇ ਬੰਨੇਰੀਂ ਧਰੇਗਾ
ਜੀਵਨ 'ਚ ਉਜਾਲਾ ਕਰੇਗਾ

-0-

ਮਨ ਦੇ ਘੋੜੇ ਨੂੰ
ਹਵਾ ਦੇ ਪਿੰਡੇ 'ਚ ਦੌੜਣ ਦਿਓ
ਹਵਾ ਦੀ ਹੋਂਦ ਗਤੀ ਨੂੰ
ਪਕੜਣ ਦਿਓ
ਮਨ ਦੇ ਘੋੜੇ ਨੂੰ
ਆਪਣੀ ਰਫ਼ਤਾਰ ਤੇ ਕਾਬੂ ਕਰਨ ਦਾ
ਅਹਿਸਾਸ ਹੋਵੇਗਾ
ਘੋੜਾ ਹਵਾ ਦੀ ਗਤੀ ਨਾਲ
ਤੁਰਨ ਲਈ ਮਜਬੂਰ ਹੋਵੇਗਾ
ਆਪਣੇ ਸੱਚ ਦੇ ਕੋਲ ਹੋਵੇਗਾ
ਆਪਣੇ ਆਪ ਤੋਂ ਦੂਰ ਹੋਵੇਗਾ

-0-

ਘੋੜੇ 'ਚ ਚੇਤਨ ਸ਼ਕਤੀ
ਤੇ ਲਕਸ਼ ਪ੍ਰਾਪਤੀ ਦੀ ਉਤਸੁਕਤਾ
ਪ੍ਰਬਲ ਹੋਵੇਗੀ
ਹਵਾ ਦਾ ਸਾਜ਼ ਸੁਰ ਸੰਗੀਤ ਗਤੀ
ਘੋੜਾ ਜਦ ਜਾਣ ਜਾਂਦਾ ਹੈ
ਹਵਾ ਦੀ ਹੋਂਦ ਪਹਿਚਾਣ ਜਾਂਦਾ ਹੈ

-0-

ਇਹ ਸਾਜ਼ ਸੁਰ ਸੰਗੀਤ ਗਤੀ
ਮਨੁੱਖੀ ਦੇਹ 'ਚ ਉਤਾਰਦਾ ਹੈ
ਸੁਰਤੀ ਦੇ ਵਿਹੜੇ 'ਚ ਸੱਚ ਖਿਲਾਰਦਾ ਹੈ
ਸੁਰਤੀ ਹਵਾ ਦੀ ਹੋਂਦ ਦਾ ਦੀਵਾ
ਮੱਥੇ 'ਚ ਜਗਾਉਂਦੀ ਹੈ
ਦੇਹ ਚੋਂ ਨਿਕਲੇ ਪ੍ਰਾਣਾਂ ਦੀ ਪੈੜ ਨੱਪਦੀ ਹੈ
ਪ੍ਰਾਣਾਂ ਦੇ ਸੋਮੇ ਤਕ ਅੱਪੜ ਜਾਂਦੀ ਹੈ

-0-

ਚੇਤਨਾ ਨੂੰ ਜੀਵਨ ਸੋਮੇ ਦਾ
ਗਿਆਨ ਹੁੰਦਾ ਹੈ
ਚੇਤਨਾ ਨੂੰ ਜੀਵਨ ਹੋਂਦ ਦਾ
ਅਹਿਸਾਸ ਹੁੰਦਾ ਹੈ

-0-

ਗਰਮ ਹਵਾ ਦਾ ਨਿੱਘ ਸੁਰ ਹੈ
ਤਪਸ਼ ਸਾਜ਼ ਹੈ
ਸੀਤ ਹਵਾ ਦਾ ਮੱਧਮ ਸੁਰ ਹੈ
ਮਟਕਣਾ ਸਾਜ਼ ਹੈ

ਬਾਲ ਹਵਾ ਦੀ ਚੁਪ ਸੁਰ ਹੈ
ਤੋਤਲਾਪਣ ਸਾਜ਼ ਹੈ
ਯੁਵਾ ਹਵਾ ਦੀ ਸੁਰ ਅੱਥਰੀ ਹੈ
ਸਾਜ਼ ਜੋਸ਼ ਹੈ
ਬਜ਼ੁਰਗ ਹਵਾ ਦੀ ਸੁਰ ਤਰਕ ਹੈ
ਸਾਜ਼ ਅਰਥ ਹੈ

-0-

ਯੁਵਾ ਹਵਾ
ਜਦ ਪਿੰਡੇ ਨੂੰ ਲਗਦੀ ਹੈ
ਪਿੰਡ ਸ਼ਹਿਰ ਦਾ
ਸ਼ਹਿਰ ਮਹਾਂ ਨਗਰ ਦਾ ਰੂਪ ਵਟਾਉਂਦਾ ਹੈ
ਛਾਵਾਂ ਦੇ ਵਿਚ ਧੁੱਖਦਾ ਹੈ
ਧੁੱਪਾਂ ਵਿਚ ਠਰ ਠਰ ਜਾਂਦਾ ਹੈ
ਜ਼ਮਾਨੇ ਦੀ ਹਵਾ
ਜਦ ਪਿੰਡੇ ਨੂੰ ਲੱਗਦੀ ਹੈ
ਦੀਵੇ ਦੀ ਥਾਂ ਦੇਹੀ ਵਿਚ
ਬਿਜਲੀ ਰੌਸ਼ਨ ਕਰਦੀ ਹੈ

-0-

ਮਨ ਦਾ ਘੋੜਾ
ਜਦ ਹਵਾ ਦੇ ਵੱਖ ਵੱਖ ਰੂਪ
ਸਮਝਦਾ ਹੈ
ਹਵਾ ਦੀ ਗਤੀ
ਲਹੂ ਆਪਣੇ 'ਚ ਉਤਾਰਦਾ ਹੈ
ਹਵਾ ਦੀ ਜੜ੍ਹ ਤਕ ਅੱਪੜਦਾ ਹੈ

ਪ੍ਰਾਣਾਂ ਦਾ ਅਦਿ ਅੰਤ ਪਕੜਦਾ ਹੈ
ਕਾਦਰ ਦੇ ਵਜੂਦ 'ਚ ਵਿਚਰਦਾ ਹੈ
ਮਾਨਵ ਦੀ ਦੇਹ ਵਿਚ ਰਹਿੰਦਾ ਹੈ
ਮੈਂ ਨਾ ਮੈਂ ਨਾ ਤੂੰ ਹੀ ਤੂੰ ਹੀ ਕਹਿੰਦਾ ਹੈ

-0-

ਕੁੱਲ ਬ੍ਰਹਿਮੰਡ ਦਾ ਵਜੂਦ
ਤੇ ਜਾਨ ਹਵਾ ਹੈ
ਖੁਦਾ ਦਾ ਦੂਸਰਾ ਨਾਮ ਹਵਾ ਹੈ
ਹਵਾ ਦਾ ਵਜੂਦ ਤੇ ਹੋਂਦ ਦਾ ਸੱਚ
ਮਨ ਦਾ ਘੋੜਾ ਚੇਤਨਾ 'ਚ ਉਤਾਰਦਾ ਹੈ
ਹਵਾ ਦੀ ਦੇਹ ਤੇ ਹੋਂਦ ਦਾ ਸੱਚ
ਚੇਤਨਾ ਜਿਉਂਦੀ ਹੈ
ਮਨੁੱਖੀ ਦੇਹ 'ਚ ਸੱਚ ਦਾ ਚਾਨਣ
ਘੋਲਦੀ ਹੈ
ਆਪਣਾ ਆਪਾ ਭੁੱਲਦੀ ਹੈ
ਵਾਹੇਗੁਰੂ ਵਾਹੇਗੁਰੂ ਬੋਲਦੀ ਹੈ

-0-

ਚੇਤਨ ਹਵਾ ਨੂੰ ਗੁਰੂ ਦੀ ਪੱਦਵੀ ਦਿੰਦੀ ਹੈ
ਇਸਦੀ ਪ੍ਰਕਰਮਾਂ ਕਰਦੀ
ਸੀਸ ਝੁਕਾਉਂਦੀ ਹੈ
ਇਸਦੀ ਕ੍ਰਿਪਾ ਸਦਕਾ
ਤ੍ਰੈਕੁਟੀ ਵਿਚ ਸਵੈ ਦੇ ਦਰਸ਼ਨ
ਪਾਉਂਦੀ ਹੈ

-0-

ਮਨ ਦਾ ਘੋੜਾ
ਕਿਸੇਂ ਵੀ ਥਾਂ ਤੇ ਪਹੁੰਚ ਹੈ ਸਕਦਾ
ਸਾਗਰ ਦਾ ਪਿੰਡਾ ਹੰਗਾਲ ਹੈ ਸਕਦਾ
ਅਕਾਸ਼ਾਂ ਵਿਚ ਉੱਡ ਹੈ ਸਕਦਾ
ਪਹਾੜਾਂ ਸੀਨੇ ਉਤਰ ਹੈ ਸਕਦਾ
ਗਾਹ ਸਕਦਾ ਹੈ ਸਾਰੀ ਧਰਤੀ
ਅੱਗਣ ਦਾ ਪਿੰਡਾ ਤੈਰ ਹੈ ਸਕਦਾ
ਪੌਣਾਂ ਦੇ ਵਿਚ ਠਹਿਰ ਹੈ ਸਕਦਾ
ਆਪਣੀ ਗਤੀ 'ਚ
ਪੌਣਾਂ ਦੀ ਗਤੀ ਉਤਾਰ ਹੈ ਸਕਦਾ
ਮਨ ਦਾ ਘੋੜਾ
ਚੇਤਨ ਅਵਚੇਤਨ ਦਿੱਸ ਅਦਿੱਸ ਥਾਵਾਂ ਤੇ
ਆਪਣੀ ਹੋਂਦ ਉਸਾਰ ਹੈ ਸਕਦਾ

-0-

ਮਨ ਦੇ ਘੋੜੇ ਨੂੰ
ਜਲ ਦੇ ਪਿੰਡੇ 'ਚ ਦੌੜਣ ਦਿਓ
ਜਲ ਦੀ ਹੋਂਦ ਰਸ ਤਾਸੀਰ ਜਾਨਣ ਦਿਓ
ਮਨ ਦੇ ਘੋੜੇ ਨੂੰ
ਪ੍ਰਕਿਰਤੀ ਦੇ ਧੁਰ ਅੰਦਰ ਉਤਰਨ ਦਿਓ
ਚਾਨਣ ਦਾ ਪਿੰਡਾ ਹੰਢਾਉਣ ਦਿਓ
ਹਨ੍ਹੇਰਿਆਂ 'ਚ ਵਿਚਰਨ ਦਿਓ

-0-

ਸ਼ਬਨਮ ਦਾ ਜਲ ਅੰਤਾਕਰਨ ਹੈ
ਤਰੇਲ ਰੂਪ ਠੰਡਕ ਸਰੂਪ ਹੈ
ਜਲ ਦਾ ਨੂਰ ਹੈ
ਨਿਰਮਲ ਸਵੱਸ਼ ਹੈ ਚਾਨਣ ਭਰਪੂਰ ਹੈ

ਅੱਖ ਦਾ ਜਲ
ਗ਼ਮੀ ਖ਼ੁਸ਼ੀ ਦੀ ਹੋਂਦ ਦਾ ਪਲ ਹੈ
ਮੋਤੀ ਰੂਪ ਹੈ
ਸਾਗਰ ਸਹਿਰਾ ਦਾ ਸਰੂਪ ਹੈ
ਪਹਾੜੀ ਜਲ ਚਸ਼ਮਾ ਝਰਨਾ ਹੈ
ਤਾਸੀਰ ਜ਼ਮੀਰ ਪਹਾੜੀ ਦਿਲ ਹੈ
ਪਹਾੜੀ ਜੀਵਨ ਦੀ ਝਿਲਮਿਲ ਹੈ
ਨੈਣ ਹਰਿਆਵਲੇ ਪੈਰੀਂ ਸਫ਼ਰ ਹੈ
ਹਸ਼ਰ ਆਗਾਜ਼ ਹੈ ਆਗਾਜ਼ ਹਸ਼ਰ ਹੈ

-0-

ਮਨ ਦਾ ਘੋੜਾ
ਜਲ ਦੇ ਵੱਖ ਵੱਖ ਰੂਪਾਂ ਨੂੰ
ਜਦੋਂ ਵਿਚਾਰਦਾ ਹੈ
ਜਲ ਦਾ ਸੱਚ ਆਪਣੇ ਢਿੱਡ ਉਤਾਰਦਾ ਹੈ
ਜਲ ਗਤੀ ਦੀਆਂ ਚਾਲਾਂ ਤੋਂ
ਜੀਵਨ ਗਤੀ ਉਸਾਰਦਾ ਹੈ

-0-

ਜਲ ਦਾ ਰੂਪ ਵਜੂਦ
ਮਨੁੱਖੀ ਦੇਹ ਵਿਚ ਬੀਜਦਾ ਹੈ
ਚੇਤਨਾ 'ਚ ਉਤਾਰਦਾ ਹੈ
ਜਲ ਦੀ ਪ੍ਰਕਿਰਤੀ ਦੇ ਨੂਰ 'ਚ ਉਤਰ ਜਾਂਦਾ ਹੈ
ਇਸਦਾ ਸੱਚ
ਮਨੁੱਖੀ ਚੇਤਨਾ 'ਚ ਵਿਸਥਾਰਦਾ ਹੈ

-0-

ਬਾਰਿਸ਼ ਦਾ ਜਲ ਵੱਖਰਾ ਹੈ
ਮਨੁੱਖੀ ਜਿਸਮ ਦਾ ਜਲ ਵੱਖਰਾ ਹੈ

ਖੂਹੀਆਂ ਦਾ ਜਲ ਅਲੱਗ ਹੈ
ਢਾਬਾਂ ਦਾ ਜਲ ਹੋਰ ਹੈ
ਦਰਿਆਵਾਂ ਦੇ ਜਲ 'ਚ
ਅੱਥਰਾ ਤੇ ਕਾਹਲਾਪਣ ਹੈ
ਰਵਾਨੀ ਵਿਚ ਸ਼ੋਰ ਹੈ
ਨਦੀਆਂ ਦਾ ਜਲ ਸੋਹਲ ਰੂਪ ਹੈ
ਲਹੂ 'ਚ ਉਤਪੱਤੀ ਦੀ ਖ਼ੁਸ਼ਬੂ ਹੈ
ਝੀਲਾਂ ਦਾ ਜਲ
ਸੱਚ ਸੁੰਦਰਤਾ ਦਾ ਸੁਮੇਲ ਹੈ
ਸਰੋਵਰ ਦਾ ਜਲ ਮਹਿਕ ਰੂਪ ਹੈ
ਕਾਇਆ ਕਲਪ ਜਿਸਦਾ ਸਰੂਪ ਹੈ.
ਛੱਪੜਾਂ ਦਾ ਜਲ
ਤਾਮਸੀ ਪ੍ਰਵਿਰਤੀਆਂ ਦਾ ਘਰ ਹੈ
ਪ੍ਰਕਿਰਤੀ ਦਾ ਜਲ ਵਿਸ਼ਾਲ ਰੂਪ ਹੈ.
ਹਰਿਆਵਲ ਕਾਦਰ ਦਾ ਨੂਰ ਹੈ
ਬ੍ਰਹਿਮੰਡਾਂ ਦਾ ਜਲ ਕੱਚ ਵਰਗਾ ਹੈ
ਸਹਿਰਾ ਦਾ ਜਲ ਅਲੱਗ ਹੈ
ਬਰਫ਼ ਦੇ ਜਲ ਦੀ ਵੱਖਰੀ ਭਾਂਤ ਹੈ
ਗੜਿਆਂ ਦਾ ਜਲ ਵਭਿੰਨ ਹੈ

-0-

ਮਨ ਦਾ ਘੋੜਾ ਜਲ ਦੇ ਰੂਪਾਂ ਨੂੰ
ਆਪਣੇ ਬਦਨ ਹੰਢਾਉਂਦਾ ਹੈ
ਜਲ ਦਾ ਅਕਾਰ

ਵਿਸ਼ਾਲਤਾ ਤੇ ਮਹੱਤਵ ਵਿਚਾਰਦਾ ਹੈ
ਜੀਵਨ ਦੀ ਰਗ ਰਗ 'ਚ ਉਤਾਰਦਾ ਹੈ
ਜਲ ਹੀ ਜੀਵਨ
ਜੀਵਨ ਹੀ ਜਲ ਪੁਕਾਰਦਾ ਹੈ

-0-

ਜਲ ਜੀਵਨ ਹੈ
ਜੀਵਨ ਦੀ ਜਾਨ ਹੈ
ਹਵਾ ਤੇ ਜਲ ਜੀਵਨ ਦਾ ਮੂਲ ਹਨ
ਜੀਵਨ ਦੀ ਉਤਪੱਤੀ ਦਾ
ਕਾਰਨ ਕਾਰਜ ਕਰਮ ਹਨ
ਜੀਵਨ ਦੀ ਜਾਨ ਜ਼ਲ ਹੈ
ਜੀਵਨ ਦਾ ਪ੍ਰਾਣ ਹਵਾ ਹੈ
ਮਨ ਦਾ ਘੋੜਾ ਪ੍ਰਕਿਰਤੀ
ਦਾ ਸੱਚ ਜਾਣ ਹੈ ਲੈਂਦਾ
ਮਨ ਤੂੰ ਜੋਤ ਸਰੂਪ ਹੈ
ਦੀ ਹੋਂਦ ਪਹਿਚਾਣ ਹੈ ਲੈਂਦਾ
ਮਨ ਬੁੱਧੀ ਤੇ ਚੇਤੰਨਾ ਦੀ
ਇਕਾਈ ਹੋ ਜਾਂਦਾ ਹੈ
ਦੇਹ ਚੋਂ ਦੇਹ ਨੂੰ ਮਨਫ਼ੀ ਕਰਕੇ
ਸੱਚ ਦੇ ਸੱਚ ਦਾ ਸੱਚ ਹੋ ਜਾਂਦਾ ਹੈ

-----

## ਕੁਦਰਤ ਤੇ ਕਾਦਰ 'ਚ ਪ੍ਰਵਿਰਤੀ ਹੋਣ ਤੋਂ ਬਾਅਦ ਟਿਕੇ ਹੋਏ ਮਨੁੱਖੀ ਮਨ ਦਾ ਆਤਮਕ ਸਫ਼ਰ

ਮਨ ਦਾ ਘੋੜਾ
ਧਰਤ ਅਕਾਸ਼ ਅੱਗਣ ਜਲ
ਹਵਾ ਦਾ ਭਰਮਣ ਕਰਦਾ ਹੈ
ਆਪਣੇ ਆਪ ਤੋਂ
ਕੂੜ ਲਿਬਾਸ ਉਤਾਰਦਾ ਹੈ
ਸੱਚਾ ਤੇ ਸੁੱਚਾ ਹੋ ਕੇ
ਬ੍ਰਹਿਮੰਡਕ ਚਾਨਣ ਤਰਦਾ ਹੈ
ਸੱਚ ਜਿਉਂਦਾ
ਸੱਚ ਦੀ ਹੋਂਦ ਨੂੰ ਫੜਦਾ ਹੈ
ਚੇਤਨਾ ਦੇ ਰਾਹ ਤੇ ਸੱਚ ਦੇ ਦੀਵੇ
ਧਰਦਾ ਹੈ

-0-

ਪੰਜਾਂ ਤੱਤਾਂ ਦੀਆਂ
ਪ੍ਰਕਿਰਤੀਆਂ ਤੇ ਪ੍ਰਵਿਰਤੀਆਂ ਦੀ
ਇਕਾਈ ਵਿਸ਼ਾਲਤਾ ਤੇ ਸੱਚ
ਜਿਉਣ ਦੇ ਪਿਛੋਂ
ਬੁੱਧ ਚੇਤਨਾ ਤੇ ਮਨ ਦੇ ਘੋੜੇ ਵਿਚਲੀ
ਇੱਕਾਈ ਵਿਕਸਦੀ ਹੈ
ਮਨ ਦਾ ਘੋੜਾ
ਹੋਂਦ ਦੇ ਸੱਚ ਦੀ ਪ੍ਰਾਪਤੀ ਲਈ

ਚੇਤਨਾ ਸੰਗ
ਕਦਮ ਜੋੜ ਕੇ ਤੁਰਦਾ ਹੈ

–0–

ਆਪਣੇ ਬੇਅਰਥ ਰਾਹਾਂ ਦਾ
ਸਫ਼ਰ ਤਿਆਗ਼ਦਾ ਹੈ
ਅਧਿਆਤਮਕ ਰਾਹਾਂ ਦਾ ਸਫ਼ਰ
ਤਹਿ ਕਰਦਾ ਹੈ
ਚੇਤਨਾ ਦਾ ਦਮ ਭਰਦਾ ਹੈ
ਚੇਤਨਾ ਮਨ ਸਹਿਯੋਗ ਦੇ ਸਦਕਾ
ਜਲਦੀ ਤੋਂ ਜਲਦੀ
ਹੋਂਦ ਦਾ ਸੱਚ ਪਾ ਲੈਂਦੀ ਹੈ
ਦੇਹ ਦੇ ਦੀਵੇ ਚੋਂ ਸੂਰਜ ਉੱਗਾ ਲੈਂਦੀ ਹੈ

–0–

ਸਵੈ ਦੀ ਹੋਂਦ ਦੇ ਸੱਚ ਦਾ ਸਫ਼ਰ
ਜਾਰੀ ਰਹਿੰਦਾ ਹੈ
ਮਨ ਦਾ ਵੇਗ ਚੇਤਨਾ ਲਈ
ਸੱਚ ਦੀ ਭਾਲ 'ਚ ਬੜਾ ਉਪਕਾਰੀ ਰਹਿੰਦਾ ਹੈ
ਸਵੈ ਪ੍ਰਗਟਾਅ ਦਾ ਅੰਕੁਰ
ਸਮਾਂ ਪਾ ਕੇ
ਮਨੁੱਖ ਦੀ ਤ੍ਰੈਕੁਟੀ 'ਚ ਜਗਦਾ ਹੈ
ਆਤਮ ਦੇ ਮਧਮ ਜਿਹੇ ਪ੍ਰਕਾਸ਼ ਦਾ
ਚਾਨਣ ਪ੍ਰਗਟ ਹੁੰਦਾ ਹੈ

–0–

ਜਿਸਨੂੰ ਚੇਤਨਾ ਸ਼ਕਤੀ ਰਾਹੀਂ

ਮਾਨਵ ਅਨੁਭਵ ਹੈ ਕਰਦਾ
ਵੇਖ ਹੈ ਸਕਦਾ
ਇਸ ਆਤਮ ਪ੍ਰਗਟਾਅ ਦਾ
ਅਹਿਸਾਸ
ਚੇਤਨਾ ਰਾਹੀਂ ਮਨੁੱਖ ਆਪਣੀ ਦੇਹ 'ਚ
ਉਤਾਰ ਲੈਂਦਾ ਹੈ
ਇਸ ਅਹਿਸਾਸ ਚੋਂ ਹੀ
ਮਨੁਖ ਲਈ ਗਿਆਨ ਦਾ
ਕੁਆੜ ਖੁਲ੍ਹਦਾ ਹੈ
ਤ੍ਰੈਕੁਟੀ ਵਿਚ ਆਤਮ ਦਾ ਮਧਮ ਪ੍ਰਗਟਾਅ
ਜੋਤ ਰੂਪ ਵਿਚ ਜਗਦਾ ਹੈ
ਮਨ ਤੂੰ ਜੋਤ ਸਰੂਪ ਹੈ ਦਾ ਸੰਕਲਪ
ਆਤਮ ਜੋਤ ਦਾ ਰੂਪ ਧਾਰਦਾ ਹੈ
ਆਤਮ ਸੱਚ
ਮਸਤਕੀ ਜੋਤ ਦੇ ਵਿਚ ਉਤਾਰਦਾ ਹੈ

-0-

ਆਪਣੇ ਸਵੈ ਵਿਚ ਭਿੱਜਿਆ
ਮਾਨਵ ਸੂਰਜ ਵਾਂਗਰ ਜਗਦਾ ਹੈ
ਤਾਰਿਆਂ ਵਾਂਗੂੰ ਟਿਮਟਮਾਉਂਦਾ ਹੈ
ਚਾਂਦਨੀ ਦੇ ਘੁੱਟ ਭਰਦਾ ਹੈ
ਆਪਣੇ ਸਵੈ ਦੇ ਨੂਰ ਵਿਚ ਉਤਰ ਜਾਂਦਾ ਹੈ
ਸਵੈ ਦਾ ਚਾਨਣ ਹਵਾ ਦਾ ਵੇਗ
ਅੱਗਣ ਦਾ ਤੇਜ ਨਜ਼ਰ ਆਉਂਦਾ ਹੈ

ਜਲ ਦਾ ਰਸ
ਮਨੁੱਖੀ ਚੇਤਨਾ 'ਚ ਫੈਲਦਾ ਹੈ
ਅਕਾਸ਼ ਦਾ ਸ਼ਬਦ ਗੂੰਜਦਾ ਹੈ
ਧਰਤ ਦੀ ਮਹਿਕ
ਮਨੁੱਖ ਦੇ ਜਿਸਮ ਚੋਂ ਆਉਂਦੀ ਹੈ

-0-

ਸੁਫ਼ਨੇ ਦੇ ਵਿਚ
ਹਵਾ 'ਚ ਕੌਣ ਉੱਡਦਾ ਹੈ
ਸਾਗਰ ਤੇ ਕੌਣ ਤੁਰਦਾ ਹੈ
ਅੱਗਣ ਤੇਜ ਦਾ ਕੀ ਜਲਾਲ ਹੈ
ਹਵਾ ਦੀ ਕੀ ਸੁਰ ਹੈ
ਕੀ ਰਾਗ ਹੈ ਕੀ ਸਾਜ਼ ਹੈ
ਸਾਗਰ ਦੀਆਂ ਛੱਲਾਂ 'ਚ
ਕਿਸ ਦਾ ਚਿਹਰਾ ਹੈ
ਚੇਤਨਾ ਨੂੰ ਅਹਿਸਾਸ ਹੁੰਦਾ ਹੈ
ਅਕਾਸ਼ ਚੰਨਾਂ ਸੂਰਜਾਂ ਤਾਰਿਆਂ
ਗ੍ਰਿਹਾਂ ਉਪ-ਗ੍ਰਿਹਾਂ ਦਾ ਕਿਆਸ ਹੁੰਦਾ ਹੈ

-0-

ਇਹ ਕਿਸ ਦੀ ਆਰਤੀ ਗਾਉਂਦੇ ਹਨ
ਕਿਸ ਨੂੰ ਸਿਮਰ ਧਿਆਉਂਦੇ ਹਨ
ਮਨੁੱਖ ਦੇ ਮੱਥੇ
ਆਤਮ ਪ੍ਰਕਾਸ਼ ਦੀ ਜੋਤ ਹੈ ਜਗਦੀ
ਦੇਹ ਵਿਚ ਨੂਰ ਦੀ ਨਦੀ ਹੈ ਵਗਦੀ

ਮਨੁੱਖ ਜਦ
ਆਪਣੇ ਸਵੈ ਦਾ ਦੀਦਾਰ ਹੈ ਕਰਦਾ
ਉਸਨੂੰ ਹਰ ਮਾਨਵ ਵਿਚ ਵੱਸਦਾ
ਆਪਣਾ ਹੀ ਸਵੈ ਹੈ ਲੱਗਦਾ

-0-

ਹਰ ਜੀਵ-ਜੰਤੂ ਪਸ਼ੂ-ਪੰਛੀ ਚੋਂ
ਨਜ਼ਰ ਆਉਂਦਾ ਹੈ
ਪ੍ਰਕਿਰਤੀ ਦੇ ਪੱਤੇ ਪੱਤੇ ਚੋਂ
ਉਸਦਾ ਨੂਰ ਹੈ ਝਰਦਾ
ਮਨੁੱਖ ਦੇ ਅੰਦਰ ਬਾਹਰ ਫੈਲਿਆ
ਉਹ ਆਪ ਹੈ ਲੱਗਦਾ
ਮਨੁੱਖ ਦੇ ਸਵੈ ਚਾਨਣ ਸਦਕਾ
ਕੁਦਰਤ ਤੇ ਮਨੁੱਖ ਦੀ ਵਿੱਥ ਮਿਟ ਜਾਂਦੀ ਹੈ
ਮਨੁੱਖ ਕੁਦਰਤ ਵੀ ਲੱਗਦਾ ਹੈ
ਕਾਦਰ ਵੀ ਲੱਗਦਾ ਹੈ

-0-

ਚੰਨਾਂ ਸੂਰਜਾਂ ਤਾਰਿਆਂ 'ਚ ਜਗਦਾ ਹੈ
ਬ੍ਰਹਿਮੰਡਾਂ 'ਚ ਉਸਦੇ ਸਵੈ ਦਾ ਵਸੇਰਾ ਹੈ
ਮਨੁੱਖ ਦਾ ਆਪਣਾ ਕੁੱਝ ਨਹੀਂ
ਸਭ ਤੇਰਾ ਹੀ ਤੇਰਾ ਹੈ
ਅੱਗਣ ਤੇਜ 'ਚ
ਹਵਾ ਵੇਗ 'ਚ ਉਹ ਹੈ
ਅਕਾਸ਼ ਸ਼ਬਦ 'ਚ
ਜਲ ਦੇ ਰਸ 'ਚ ਉਹ ਹੈ

ਧਰਤੀ ਦੀ ਸੁਗੰਧ 'ਚ ਉਹ ਹੈ

-0-

ਮਨੁੱਖੀ ਹੋਂਦ ਆਤਮਾ ਹੈ
ਮਨੁੱਖ ਹੋਂਦ ਦਾ ਸੱਚ ਹੀ ਪ੍ਰਮਾਤਮਾ ਹੈ
ਉਹ ਸਾਗਰ ਹੈ ਸਹਿਰਾ ਹੈ
ਪਹਾੜਾਂ ਜੰਗਲਾਂ 'ਚ ਹੈ
ਸ਼ਹਿਰਾਂ ਖੰਡਰਾਂ 'ਚ ਹੈ
ਮਸੀਤਾਂ ਮੰਦਰਾਂ 'ਚ ਹੈ
ਕਬਰਾਂ 'ਚ ਹੈ ਸ਼ਮਸ਼ਾਨਾਂ 'ਚ ਹੈ
ਮਨੁੱਖ ਦੇ ਲਹੂ 'ਚ ਹੈ ਅਣੂਆਂ 'ਚ ਹੈ
ਸਭ ਉਸ ਦਾ ਪਸਾਰਾ ਹੈ
ਉਹ ਸਭ ਦਾ ਸਿਰਜਕ ਹੈ
ਪਾਲਣਹਾਰਾ ਹੈ

-0-

ਜ਼ਿੰਦਗੀ ਦੀ ਗਤੀ
ਜੀਵਨ ਦੇ ਪ੍ਰਾਣਾਂ 'ਚ ਹੈ
ਸਮਿਆਂ 'ਚ ਹੈ ਯੁੱਗਾਂ 'ਚ ਹੈ
ਸਦੀਆਂ 'ਚ ਹੈ
ਦਿਨਾਂ ਪਲਾਂ ਸਾਲਾਂ 'ਚ ਹੈ
ਬੀਜ ਜੜ੍ਹਾਂ ਪੱਤਿਆਂ ਫੱਲਾਂ 'ਚ ਹੈ

-0-

ਮਨੁੱਖ ਆਪਣੇ
ਸਵੈ ਦੇ ਚਾਨਣ 'ਚ
ਪ੍ਰਕਿਰਤੀਆਂ ਗਾਹ ਸਕਦਾ ਹੈ
ਅਕਾਸ਼ ਦੀਆਂ ਮਹਿਫ਼ਲਾਂ ਮਾਣ ਸਕਦਾ ਹੈ

ਜੀਵਨ ਦਾ ਹਰ ਰਹੱਸ ਜਾਣ
ਸਕਦਾ ਹੈ
ਦਿਸ ਅਦਿਸ ਗ੍ਰਿਹਾਂ ਉਪ-ਗ੍ਰਿਹਾਂ 'ਚ
ਉਤਰ ਸਕਦਾ ਹੈ
ਕੁੱਲ ਬ੍ਰਹਿਮੰਡ
ਸਵੈ ਜਾਣੂ ਮਨੁੱਖ ਦੇ ਅਕਾਰ 'ਚ ਹੈ
ਉਹ ਬ੍ਰਹਿਮੰਡ ਦੇ ਅੰਦਰ ਵੀ ਹੈ
ਬਾਹਰ ਵੀ ਹੈ

-0-

ਮਨੁੱਖ ਦਾ ਸਵੈ
ਜਦ ਕਾਦਰ ਦਾ ਨੂਰ ਆਪਣੇ ਅੰਦਰ
ਉਤਾਰਦਾ ਹੈ
ਕਾਦਰ ਦਾ ਰੂਪ ਧਾਰਦਾ ਹੈ
ਜੋ ਅਪਰਮਪਾਰ ਹੈ
ਅਤੁੱਲ ਹੈ ਅਕਾਰ ਰਹਿਤ ਹੈ
ਲੱਖਾਂ ਅਕਾਸ਼ਾਂ ਧਰਤੀਆਂ ਨੂੰ
ਉਸ ਆਪਣੀ ਬੁੱਕਲ 'ਚ ਲਿਆ ਹੈ
ਉਹ ਵਿਸ਼ਵ ਦਾ ਰੂਪ ਹੈ
ਸੱਚ ਸੁੰਦਰਤਾ ਤੇ ਕਲਿਆਣ ਸਰੂਪ ਹੈ

-0-

ਮਨੁੱਖ ਇਕ ਵਾਰ ਜਨਮਦਾ ਹੈ
ਫਿਰ ਨਹੀਂ ਮਰਦਾ
ਮਰਦਾ ਤਾਂ ਜਿਸਮ ਹੈ

ਸਵੈ ਤਾਂ ਮ੍ਰਿਤਯੂ ਰਹਿਤ ਹੈ
ਸਵੈ ਜੀਵਨ ਹੈ ਜ਼ਿੰਦਗੀ ਹੈ
ਜੋ ਮੌਤ ਤੋਂ ਪਹਿਲਾਂ ਵੀ ਹੈ
ਮੌਤ ਤੋਂ ਪਿਛੋਂ ਵੀ ਹੈ

-0-

ਮੌਤ ਦੇ ਪੜਾਅ ਤੇ
ਸਵੈ ਦੇਹ ਤਿਆਗਦਾ ਹੈ
ਮੌਤ ਤੋਂ ਪਿਛਲੇਰਾ ਸਫ਼ਰ
ਸ਼ੁਰੂ ਕਰਦਾ ਹੈ
ਜਿੱਥੇ ਸਵੈ
ਨਾ ਦੇਹ ਦਾ ਨਾ ਪ੍ਰਾਣਾਂ ਦਾ ਮੁਥਾਜ਼ ਹੈ
ਸਵੈ ਦੀ ਸੁਤੰਤਰ ਹੋਂਦ ਹੈ
ਨਾ ਹਵਾ ਅੱਗ ਜਲ ਧਰਤ
ਅਕਾਸ਼ ਹੈ
ਇਕ ਨੂਰ ਹੈ
ਜੋ ਅਪਰਮਪਾਰ ਤੇ ਅਥਾਹ ਹੈ
ਜੀਵਤ ਮਨੁੱਖ
ਜੋ ਸਵੈ ਨੂੰ ਪਾਉਂਦਾ ਹੈ
ਉਹ ਮੋਖਸ਼ਾ ਨੂੰ ਪਹੁੰਚ ਜਾਂਦਾ ਹੈ

-0-

ਮਨੁੱਖ ਦੇ ਜੀਵਨ ਦਾ ਪ੍ਰਯੋਜਨ
ਮਰਨ ਤੋਂ ਪਹਿਲਾਂ
ਆਪਣੇ ਸਵੈ ਨੂੰ ਪਾਉਣਾ ਹੈ
ਜੋ ਮਰਨ ਤੋਂ ਪਹਿਲਾਂ

ਮਨੁੱਖ ਆਪਣੇ ਸਵੈ ਨੂੰ
ਪਾ ਨਹੀਂ ਸਕਦਾ
ਤਾਂ ਉਸਦੀ ਦੇਹ ਬਾਰ ਬਾਰ
ਜਨਮਦੀ ਹੈ
ਜਨਮ ਮਰਨ ਦੇ ਚੱਕਰ 'ਚ
ਰਹਿੰਦੀ ਹੈ

-0-

ਮਨੁੱਖ ਨੂੰ
ਆਪਣੇ ਸਵੈ ਨੂੰ ਜਾਨਣ 'ਚ
ਆਪਣੇ ਜਨਮ ਤੇ
ਜਨਮ ਪ੍ਰਯੋਜਨ ਦਾ ਗਿਆਨ ਹੁੰਦਾ ਹੈ
ਮੌਤ ਤੋਂ ਪਿੱਛੋਂ
ਉਸਦਾ ਕਿਹੜਾ ਟਿਕਾਣਾ ਹੈ
ਦੇਹ ਰਹਿਤ ਪ੍ਰਾਣ ਰਹਿਤ
ਸਫ਼ਰ ਦਾ ਅਹਿਸਾਸ ਹੁੰਦਾ ਹੈ

-0-

ਜਿਸ ਮਨੁੱਖ ਨੇ ਜੀਵਤ
ਆਪਣੀ ਦੇਹ ਦੀ ਪ੍ਰਯੋਗਸ਼ਾਲਾ 'ਚ
ਆਪਣੀ ਚੇਤਨਾ ਸਾਹਵੇਂ
ਆਪਣੇ ਤ੍ਰੈਕੁਟੀ 'ਚ
ਆਪਣੇ ਸਵੈ ਨੂੰ ਪ੍ਰਗਟਾਇਆ ਹੈ
ਉਸਨੇ ਜਿਉਂਦੇ ਜੀਅ
ਜਨਮ ਦਾ ਕਾਰਨ
ਤੇ ਮੌਤ ਤੋਂ ਪਿੱਛਲੇਰੇ ਸਫ਼ਰ ਦਾ
ਸੱਚ ਪਾਇਆ ਹੈ

-0-

ਸਹੀ ਸੇਧ 'ਚ ਦੌੜਦਾ
ਮਨ ਦਾ ਘੋੜਾ
ਚੇਤਨਾ ਲਈ ਸਵੈ ਪ੍ਰਗਟਾਅ ਦਾ
ਦੁਆਰ ਖੋਲਦਾ ਹੈ
ਬ੍ਰਹਮ ਦਾ ਨੂਰ
ਚੇਤਨਾ 'ਚ ਉਤਾਰਦਾ ਹੈ
ਚੇਤਨਾ ਦਾ ਰੋਮ ਰੋਮ ਚਾਨਣ
ਹੋ ਜਾਂਦਾ ਹੈ
ਚੇਤਨਾ ਮਨੁੱਖੀ ਸਵੈ ਦੇ ਦਰਸ਼ਨ
ਪਾਉਂਦੀ ਹੈ

-0-

ਸੁਰਤੀ ਟਿਕਦੀ ਹੈ
ਮਨ ਦਾ ਘੋੜਾ
ਜੋਤ 'ਚ ਟਿਕੀ ਸੁਰਤੀ ਦੀ
ਪ੍ਰਕਰਮਾਂ ਕਰਦਾ ਹੈ
ਆਪਣੇ ਜਿਸਮ 'ਚ ਜੀਵਿਆ
ਬ੍ਰਹਿਮੰਡਾਂ ਦੇ ਚਾਨਣ ਦਾ ਅਰਘਾ
ਸੁਰਤੀ ਦੀ ਭੇਟ ਕਰਦਾ ਹੈ

-0-

ਮਨ ਸੁਰਤੀ
ਜਦ ਇਕ ਜੋਤ 'ਚ ਜੁੜਦੇ ਹਨ
ਤਾਂ ਮਨੁੱਖ ਦੇ ਅੰਦਰ
ਨੂਰ ਦਾ ਮੀਂਹ ਵਰ੍ਹਦਾ ਹੈ
ਮਨੁੱਖ ਦਾ ਕਾਇਆਕਲਪ ਹੁੰਦਾ ਹੈ

ਲੱਖਾਂ ਸੂਰਜਾਂ ਦਾ ਕਾਫ਼ਲਾ
ਮਨੁੱਖ ਦੀ ਦੇਹ 'ਚ ਉਤਰਦਾ ਹੈ
ਪ੍ਰਕਿਰਤੀ ਤੇ ਮਨੁੱਖ ਦਾ ਸੱਚ ਪ੍ਰਗਟਦਾ ਹੈ

-0-

ਮਨੁੱਖ ਦੇ ਸੱਚ 'ਚ
ਕੁਦਰਤ ਦਾ ਨੂਰ ਤੁਰਦਾ ਹੈ
ਨੂਰ ਦੀ ਦੁਨੀਆਂ
ਮਨੁੱਖ ਦੁਆਲੇ ਉਸਰ ਜਾਂਦੀ ਹੈ
ਕਿਰਨਾਂ
ਚੰਨ ਸੂਰਜ ਤਾਰੇ ਜਨਮਦੀਆਂ ਹਨ
ਮਨੁੱਖ ਜਿੱਥੇ ਵੀ ਪੈਰ ਧਰਦਾ ਹੈ
ਚਾਨਣ ਦੇ ਰੁੱਖ
ਦੁਆਲੇ ਉੱਗ ਆਉਂਦੇ ਹਨ
ਸਕੂਨ ਦੇ ਚਸ਼ਮੇ
ਮਨੁੱਖ ਦੀ ਦੇਹ ਚੋਂ ਫੁੱਟਦੇ ਹਨ
ਸੱਚੀ ਮਨੁੱਖਤਾ ਸਿਰਜਦੇ ਹਨ
ਨੂਰ ਦਾ ਕਾਰੋਬਾਰ ਚਲਦਾ ਹੈ
ਨੂਰ ਦਾ ਵਿਸਥਾਰ ਹੁੰਦਾ ਹੈ
ਨੂਰ ਮਨੁੱਖ ਦੇ
ਅੰਦਰ ਤੇ ਬਾਹਰ ਹੁੰਦਾ ਹੈ

-0-

ਸੱਚ ਸੁੰਦਰਤਾ ਦੀ
ਰਿਸ਼ਟ-ਪੁਸ਼ਟ ਦੁਨੀਆਂ ਉਸਰਦੀ ਹੈ

ਮਨੁੱਖ ਦਾ ਆਪਣਾ ਸੱਚ ਹੀ
ਵਿਸ਼ਵ ਦਾ ਸੱਚ ਹੁੰਦਾ ਹੈ
ਮਨੁੱਖ ਦੇ ਲਹੂ 'ਚ
ਮਨੁੱਖਤਾ ਵਸਦੀ ਹੈ
ਮਨੁੱਖਤਾ 'ਚ ਵਸਦਾ
ਮਨੁੱਖਤਾ ਦਾ ਸਿਰਜਣਹਾਰ ਵਸਦਾ ਹੈ

-0-

ਸੱਚ ਦੇ ਰਾਗ ਰੰਗ
ਗੂੰਜਦੇ ਹਨ ਪਰਤ 'ਤੇ
ਅੰਬਰ 'ਚ ਗੂੰਜਦਾ ਸੱਚ ਦਾ ਤਾਲ ਹੁੰਦਾ ਹੈ
ਇਕ ਜਲਵਾ ਨੂਰ ਦਾ
ਧਰਤੀ ਦੇ ਨੈਣਾਂ ਚੋਂ ਝਾਕਦਾ ਹੈ
ਧਰਤੀ ਦੀ ਦੇਹ ਦੁਆਲੇ
ਨੂਰ ਦੀ ਚਾਦਰ ਉਸਾਰਦਾ ਹੈ
ਖ਼ੁਸ਼ਬੂ ਹੋਈ ਧਰਤੀ
ਨੂਰ 'ਚ ਭਿੱਜ ਜਾਂਦੀ ਹੈ

-0-

ਹਵਾ ਜਿਵੇਂ
ਬੰਸਰੀ ਚੋਂ ਗੁਜ਼ਰਦੀ ਹੈ
ਸੁਰ ਹਵਾ ਦੀ ਕੁਦਰਤ 'ਚ ਫੈਲਦੀ ਹੈ
ਆਪਣੇ ਬਦਨ ਦੀ ਖ਼ੁਸ਼ਬੂ
ਕਾਇਆਨਾਤ 'ਚ ਖਿਲਾਰਦੀ ਹੈ
ਲੋਅ ਦੀ ਧਰਤੀ ਤੇ ਆ ਬਹਾਰ ਜਾਂਦੀ ਹੈ
ਕਾਦਰ ਦੇ ਨੂਰ 'ਚ

ਧਰਤੀ ਆਪਣਾ ਆਪ ਨਿਖਾਰਦੀ ਹੈ
ਸੱਚ ਸੁੰਦਰਤਾ ਦਾ ਮੀਂਹ
ਜਦ ਅੰਬਰ ਤੋਂ ਪੈਂਦਾ ਹੈ
ਮਨੁੱਖ ਬਣ ਬਣ ਕੇ ਚੰਦਰਮਾ
ਧਰਤੀ ਦੇ ਵਿਹੜੇ 'ਚ ਬਹਿੰਦਾ ਹੈ

-0-

ਖੁਸ਼ੀਆਂ ਰੌਣਕਾਂ ਰੰਗਾਂ ਤੇ ਰਾਗਾਂ ਦਾ
ਦੌਰ ਚਲਦਾ ਹੈ
ਧਰਤੀ ਦੇ ਤਖ਼ਤ ਤੇ ਬੈਠੇ
ਮਨੁੱਖ ਦੇ ਸਿਰ ਤੇ
ਪੌਣਾਂ ਦਾ ਚੌਰ ਝੁਲਦਾ ਹੈ
ਮਨੁੱਖ ਦੀ ਆਪਣੀ ਖੁਸ਼ੀ
ਮਨੁੱਖ ਦੇ ਵਿਹੜੇ ਨੱਚਦੀ ਹੈ
ਤੇ ਦੱਸਦੀ ਹੈ
ਕੌਣ ਹੈ ਜੋ
ਮਨੁਖਾ ਦੇਹ ਵਿਚ ਉਤਰ ਆਇਆ ਹੈ
ਮਨੁੱਖ ਨੂਰ 'ਚ ਨੂਰ ਮਨੁੱਖ 'ਚ ਸਮਾਇਆ ਹੈ
ਮਨੁੱਖ 'ਚ ਸਵੈ ਦਾ ਚਾਨਣ ਹੋਇਆ ਹੈ
ਮੌਤ ਤੋਂ ਪਿਛੋਂ
ਉਸ ਚਾਨਣ ਵਿਚ ਜਾਣਾ ਹੈ
ਮਨੁੱਖ ਜਿੱਥੋਂ ਆਇਆ

-0-

ਸਵੈ ਦੇ ਚਾਨਣ 'ਚ
ਜਿਉਂਦੇ ਮਨੁੱਖ ਨੇ ਮੋਖਸ਼ਾ ਨੂੰ ਪਾਇਆ ਹੈ

ਮੌਤੋਂ ਉਰਲੇ ਪਾਸੇ ਜੋ ਮਿਲਿਆ ਸੀ
ਮੌਤੋਂ ਪਾਰਲੇ ਪਾਸੇ ਉਸ
ਦੇਹ ਦਾ ਦੀਵਾ ਜਗਾਇਆ ਹੈ
ਆਪਣੇ ਸਵੈ ਨੂੰ ਜਾਨਣ ਤੇ
ਮਨੁੱਖ ਆਤਮ ਗਿਆਨੀ ਕਹਾਉਂਦਾ ਹੈ
ਆਪਣੀ ਦੇਹ 'ਚ
ਆਪਣੀ ਆਤਮਾ ਦਾ ਦੀਦਾਰ ਪਾਉਂਦਾ ਹੈ

-0-

ਮਨੁੱਖ ਆਪਣਾ ਸਵੈ
ਜਾਣਨ ਤੋਂ ਬਾਅਦ
ਸਵੈ ਦੀ ਤ੍ਰਿਸ਼ਨਾ ਜਾਣਨ ਦਾ
ਅਭਿਲਾਸ਼ੀ ਹੈ
ਮਨੁੱਖ ਦਾ ਸਵੈ ਦੇਹ ਵਿਚ ਵੀ ਹੈ
ਤੇ ਚੇਤਨਤਾ 'ਚ
ਦੇਹ ਤੋਂ ਬਾਹਰ ਵੀ ਨਜ਼ਰ ਆਉਂਦਾ ਹੈ

-0-

ਦੇਹ ਤੋਂ ਬਾਹਰ
ਸਵੈ ਜਿਹੜਾ ਸਫ਼ਰ ਕਰਦਾ ਹੈ
ਉਹ ਪ੍ਰਕਿਰਤੀ 'ਚ ਵਿਚਰਨ ਦਾ ਹੈ
ਹਵਾ ਦੀ ਗਤੀ ਹੰਢਾਉਣ ਦਾ ਹੈ
ਅੱਗਣ ਤੇਜ 'ਚ ਜਗਣ ਦਾ ਹੈ
ਜਲ ਦਾ ਰਸ ਜਿਉਣ ਦਾ ਹੈ
ਧਰਤੀ ਦੀ ਮਹਿਕ 'ਚ ਵਿਚਰਨ ਦਾ ਹੈ

ਅਕਾਸ਼ ਚੰਨਾਂ ਸੂਰਜਾਂ
ਤਾਰਿਆਂ ਦੀ ਦੇਹ ਵਿਚ ਠਹਿਰਣ ਦਾ ਹੈ
ਕੁੱਲ ਬ੍ਰਹਿਮੰਡ ਦੁਆਲੇ ਓੜੇ
ਨੂਰ 'ਚ ਉਤਰਨ ਦਾ ਹੈ

-0-

ਮਨੁੱਖੀ ਚੇਤਨਾ ਲਈ
ਸਵੈ ਦਾ ਵਿਚਰਨ ਅਨੁਭਵ
ਕਰਨਾ ਜ਼ਰੂਰੀ ਹੈ
ਸਵੈ ਦੀ ਤ੍ਰਿਸ਼ਨਾ ਦੀ ਤ੍ਰਿਪਤੀ
ਜਾਣਨਾ ਜ਼ਰੂਰੀ ਹੈ
ਚੇਤਨਾ ਸਵੈ ਦਾ ਸੱਚ ਪਹਿਚਾਣਦੀ ਹੈ
ਸਵੈ ਦਾ ਸੱਚ ਹੀ ਬ੍ਰਹਿਮੰਡਕ ਸੱਚ ਹੈ
ਜਾਣਦੀ ਹੈ

-0-

ਮਨੁੱਖ ਦੀ ਹੋਂਦ ਆਤਮਾ ਹੈ
ਆਤਮਾ ਦਾ ਜੋ ਰਚਨਹਾਰਾ ਹੈ
ਆਤਮਾ ਦੀ ਤ੍ਰਿਪਤੀ 'ਚ
ਉਸਦਾ ਹੀ ਉਤਾਰਾ ਹੈ
ਸਵੈ ਦੀ ਤ੍ਰਿਪਤੀ ਦਾ ਸੱਚ
ਪਰਮਾਨੰਦ ਹੈ ਪਾਰਬ੍ਰਹਮ ਹੈ
ਆਤਮਾ ਮਨੁੱਖੀ ਦੇਹ ਵਿਚ ਰਹਿੰਦੀ ਵੀ
ਹਰ ਵਕਤ ਆਪਣੀ ਤ੍ਰਿਸ਼ਨਾ
ਪੂਰਤੀ ਲਈ ਤੱਤਪਰ ਹੈ

ਬ੍ਰਹਮ 'ਚ ਸਮਾਉਣਾ ਚਾਹੁੰਦੀ ਹੈ
ਆਪਣਾ ਮੂਲ
ਆਪਣਾ ਸੱਚ ਪਾਉਣਾ ਚਾਹੁੰਦੀ ਹੈ

-0-

ਉਪਾਧੀ ਰਹਿਤ
ਆਤਮਾ ਸਰੂਪ ਹੀ ਬ੍ਰਹਮ ਹੈ
ਆਤਮਕ ਗਿਆਨ ਤਕ
ਮਨੁੱਖ ਆਤਮ ਗਿਆਨੀ ਹੈ
ਆਤਮਾ ਦੇ ਸੱਚ ਦੀ ਪ੍ਰਾਪਤੀ ਤੋਂ ਬਾਅਦ
ਮਨੁੱਖ ਬ੍ਰਹਮ ਗਿਆਨੀ ਹੈ

-----

ਮਨੁੱਖੀ ਸਵੈ ਦੀ ਪ੍ਰਾਪਤੀ ਤੋਂ ਬਾਅਦ
ਮਨੁੱਖੀ ਚੇਤਨਾ ਬ੍ਰਹਮ ਗਿਆਨ ਦਾ
ਸਫ਼ਰ ਸ਼ੁਰੂ ਕਰਦੀ ਹੈ।
ਚੇਤਨਾ
ਆਤਮਾ ਦੀ ਕੁੱਖ ਦੀ ਆਤਮਾ ਦੀ ਹੋਂਦ ਦੀ
ਆਤਮਾ ਦੇ ਸੱਚ ਤੇ ਰਹਿਣ ਸਥਾਨ ਦੀ
ਪ੍ਰਾਪਤੀ ਦਾ ਸਫ਼ਰ ਆਰੰਭਦੀ ਹੈ।

## ਆਸਨ

ਧਰਤੀ ਤੇ ਚਿਟਾਈ ਜਾਂ ਦਰੀ ਵਿੱਛਾ ਕੇ ਆਪਣੇ ਆਪ ਨੂੰ ਸ਼ੁੱਧ ਕਰਕੇ ਚੌਂਕੜੀ ਮਾਰ ਕੇ ਬੈਠ ਜਾਓ। ਆਪਣੇ ਹੱਥ ਗੋਡਿਆਂ ਤੇ ਰੱਖੋ। ਸਰੀਰ ਸਿੱਧਾ ਤੇ ਅੱਖਾਂ ਅਰਧ ਖੁੱਲ੍ਹੀਆਂ ਨੱਕ ਦੀ ਨੋਕ ਤੇ ਕੇਂਦਰਿਤ ਹੋਈਆਂ ਹੋਣੀਆਂ ਚਾਹੀਦੀਆਂ ਹਨ। ਸਾਹਾਂ ਦੇ ਨਾਲ "ਸੋਹੰਸੋ" ਸ਼ਬਦ ਦਾ ਜਾਪ ਕਰੋ। ਜਦ ਸਾਹ ਅੰਦਰ ਖਿੱਚੋ ਤਾਂ ਸੋਹੰ ਕਹੋ ਫਿਰ ਸਾਹ ਥੋੜ੍ਹੀ ਦੇਰ ਅੰਦਰ ਰੱਖੋ। ਫਿਰ ਸਾਹ ਛਡੋ ਤੇ ਸੋ ਕਹੋ ਫਿਰ ਸਾਹ ਥੋੜ੍ਹੀ ਦੇਰ ਠਹਿਰਕੇ ਲਉ ਤੇ ਸੋਹੰਸੋ ਦਾ ਜਾਪ ਕਰੋ। ਸੋਹੰਸੋ ਦਾ ਮਤਲਬ ਹੈ ਉਹ ਮੈਂ ਹਾਂ ਮੈਂ ਉਹ ਹਾਂ। ਚੇਤਨਾ ਰਾਹੀਂ ਆਪਣਾ ਧਿਆਨ ਭਰਵੱਟਿਆਂ ਵਿਚਕਾਰ ਤ੍ਰੈਕੁਟੀ 'ਚ ਕੇਂਦਰਿਤ ਰੱਖੋ, ਜਿੱਥੇ ਆਤਮ ਜੋਤ ਹੈ। ਧਿਆਨ ਰਹੇ ਕਿ ਤੁਹਾਡਾ ਮੂੰਹ EAST ਵੱਲ ਜਾਂ NORTH ਵੱਲ ਹੋਵੇ। ਸੋਹੰਸੋ ਸ਼ਬਦ ਦੇ ਜਾਪ ਨਾਲ ਆਤਮ ਜੋਤ ਦਾ ਸਰੂਪ ਫੈਲਦਾ ਚਲਿਆ ਜਾਏਗਾ। ਇੰਨਾ ਫੈਲ ਜਾਏਗਾ ਕਿ ਤੁਹਾਨੂੰ ਇਹ ਨੂਰ ਆਪਣੇ ਅੰਦਰ ਵੀ ਤੇ ਦੁਆਲੇ ਵੀ ਨਜ਼ਰ ਆਏਗਾ। ਸਮੇਂ ਸਥਾਨ ਦੀ ਕੋਈ ਬੰਧਸ਼ ਨਹੀਂ ਇਹ ਮਨੁੱਖ ਦੀ ਆਪਣੀ ਸਹੂਲਤ ਅਨੁਸਾਰ ਹੀ ਠੀਕ ਹੈ।

-0-

## ਆਤਮਾ ਤੋਂ ਬ੍ਰਹਮ ਦਾ ਸਫ਼ਰ

ਆਤਮਾ ਹੀ ਪ੍ਰਮਾਤਮਾ ਹੈ
ਜਦ ਸੋਹੰਸੋ ਸ਼ਬਦ ਦੇ ਅਭਿਆਸ ਸਦਕਾ
ਮਨੁੱਖੀ ਤ੍ਰੈਕੁਟੀ 'ਚ ਸਵੈ ਦੀ ਜੋਤ ਦਾ ਸਰੂਪ
ਫੈਲਾਉਣਾ ਸ਼ੁਰੂ ਹੋਵੇਗਾ
ਆਤਮ ਜੋਤੀ ਦੇ ਇਸ ਫੈਲਾਅ ਦੇ
ਅਕਾਰ 'ਚ
ਮਨੁੱਖੀ ਚੇਤਨਾ ਨੂੰ ਬ੍ਰਹਮ ਦਾ ਅਹਿਸਾਸ
ਗਿਆਨ ਤੇ ਦੀਦਾਰ ਹੋਵੇਗਾ

-0-

ਬ੍ਰਹਮ ਗਿਆਨ ਦਾ ਅੰਕੁਰ
ਤ੍ਰੈਕੁਟੀ 'ਚ ਪ੍ਰਗਟ ਆਤਮਕ
ਜੋਤ ਚੋਂ ਫੁੱਟਣਾ ਸ਼ੁਰੂ ਹੁੰਦਾ ਹੈ
ਮਨ ਜੋ ਮਨੁੱਖੀ ਸਵੈ ਦੇ ਸਫ਼ਰ 'ਚ
ਅਕਾਸ਼ਾਂ ਅਖੰਡਾਂ ਬ੍ਰਹਿਮੰਡਾਂ 'ਚ
ਵਿਚਰਦਾ ਹੈ
ਤ੍ਰੈਕੁਟੀ 'ਚ ਆਤਮ ਜੋਤ ਦੇ
ਫੈਲਾਅ ਨੂੰ ਸਮਝਣ ਲਈ
ਚੇਤਨਾ ਦਾ ਸਹਾਈ ਹੁੰਦਾ ਹੈ
ਚੇਤਨਾ ਬੂੰਦ ਚੋਂ ਸਾਗਰ ਦਾ ਚਿਹਰਾ
ਚਿਤਰਨ ਲੱਗਦੀ ਹੈ
ਜ਼ਰੇ ਚੋਂ ਸਹਿਰਾ ਦਾ ਵਜ਼ੂਦ ਸਿਰਜਦੀ ਹੈ

-0-

ਮਨੁੱਖ ਲਈ
ਇਹ ਅਵਸਥਾ ਗਿਆਨ ਖੰਡ
ਦੀ ਅਵਸਥਾ ਹੈ
ਮਨੁੱਖੀ ਆਤਮਾ ਚੋਂ
ਬ੍ਰਹਮ ਗਿਆਨ ਦੀ ਕਿਰਨ
ਫੁੱਟਦੀ ਹੈ
ਆਤਮਕ ਜੋਤੀ
ਆਪਣੀ ਜੜ੍ਹ ਆਪਣੇ ਮੂਲ
ਵੱਲ ਤੁਰਦੀ ਹੈ

-0-

ਸੋਹੰਸੋ ਸ਼ਬਦ ਦੇ ਸਿਮਰਨ ਨਾਲ
ਮਨੁੱਖੀ ਚੇਤਨਾ 'ਚ ਹੋਂਦ ਦੇ ਸੱਚ ਦੀ
ਜਾਗ੍ਰਤੀ ਪੈਦਾ ਹੁੰਦੀ ਹੈ
ਇਸ ਚੋਂ ਅਨੰਦ ਦੀ ਕਿਰਨ ਫੁੱਟਦੀ ਹੈ
ਇਹ ਆਨੰਦ
ਮਾਇਆ ਦੇ ਪਦਾਰਥਾਂ ਤੋਂ ਵੱਖਰਾ ਹੈ
ਇਸ ਵਿਚ ਸੱਚ ਸੁੰਦਰਤਾ ਤੇ
ਕਲਿਆਣ ਦੀ ਖੁਸ਼ਬੂ ਹੈ
ਜੋ ਮਨੁੱਖੀ ਦੇਹ 'ਚ ਫੈਲਦੀ ਹੈ

-0-

ਮਨੁੱਖੀ ਅੰਤਾਕਰਨ ਤੋਂ ਮਾਇਆ ਦਾ
ਮੈਲਾ ਤੇ ਕੂੜਾ ਉਤਾਰਦੀ ਹੈ
ਮਨੁੱਖੀ ਅੰਤਾਕਰਨ ਨੂੰ ਸ਼ੁੱਧ ਕਰਦੀ ਹੈ
ਆਤਮਾ ਆਪਣੀ ਤ੍ਰਿਸ਼ਨਾ ਪੂਰਤੀ ਲਈ

ਕਦਮ ਪੁੱਟਦੀ ਹੈ
ਇਸ ਗਿਆਨ ਖੰਡ ਦੀ ਅਵੱਸਥਾ 'ਚ
ਮਨੁੱਖੀ ਚੇਤਨਾ ਨੂੰ
ਬ੍ਰਹਮ ਗਿਆਨ ਦਾ ਪ੍ਰਕਾਸ਼ ਹੁੰਦਾ ਹੈ
ਕਿ ਕਈ ਕਿਸਮਾਂ ਦੀ ਪੌਣ ਹੈ
ਅੱਗਣ ਜਲ ਧਰਤੀਆਂ ਅਕਾਸ਼ ਹਨ
ਸੂਰਜ ਮੰਡਲ ਤਾਰਕਾ ਮੰਡਲ
ਚੰਦਰਮਾ ਮੰਡਲ
ਕਈ ਬ੍ਰਹਿਮੰਡ ਕਈ ਖਲਾਅ ਹਨ

-0-

ਗਿਆਨ ਖੰਡ 'ਚ
ਸੁਰਤੀ ਲਈ ਗਿਆਨ ਦਾ ਕੁਆੜ
ਖੁੱਲ੍ਹਦਾ ਹੈ
ਚੇਤਨਾ ਆਪਣੇ ਆਪ ਤੋਂ ਆਪਣੇ
ਦੁਆਲੇ ਤੋਂ ਭਲੀਭਾਂਤ ਜਾਣੂ ਹੁੰਦੀ ਹੈ
ਆਪਣੇ ਸੱਚ ਦੇ ਗਿਆਨ ਦੀ
ਪ੍ਰਮਾਣੂ ਹੁੰਦੀ ਹੈ
ਚੇਤਨਾ ਜਾਗ੍ਰਿਤੀ ਭਰਮ ਮੁਕਤ
ਤੇ ਗਿਆਨਵਾਨ ਹੁੰਦੀ ਹੈ

-0-

ਇਸ ਅਵਸਥਾ 'ਚ ਚੇਤਨਾ ਨੂੰ
ਕਈਆਂ ਦੇਵੀ ਦੇਵਤਿਆਂ ਦੇ ਰੂਪ
ਦਿੱਸਦੇ ਹਨ

ਕਈ ਕ੍ਰਿਸ਼ਨ ਕਈ ਸ਼ਿਵ
ਕਈ ਬ੍ਰਹਮਾਂ
ਕਈ ਰੰਗ ਤੇ ਕਿਸਮਾਂ ਦੇ ਜੀਵ-ਜੰਤੂ
ਨਜ਼ਰ ਆਉਂਦੇ ਹਨ
ਕਈ ਕਰਮ ਭੂਮੀਆਂ
ਪਹਾੜ ਪ੍ਰਕ੍ਰਿਤੀਆਂ ਤੇ ਸਾਗਰ
ਸਾਕਾਰ ਹੁੰਦੇ ਹਨ
ਕਈਆਂ ਇੰਦਰ ਦੇਵਤਿਆਂ
ਸਿੱਧਾਂ ਬੁੱਧਾਂ ਨਾਥਾਂ ਭਗਤਾਂ ਦਾ
ਦੀਦਾਰ ਹੁੰਦਾ ਹੈ
ਕਈ ਮੰਡਲ ਕਈ ਟਾਪੂ
ਕਈਆਂ ਪ੍ਰਵਿਰਤੀਆਂ ਦੇ
ਅਨੇਕਾਂ ਰੂਪਾਂ ਦਾ ਅਹਿਸਾਸ ਹੁੰਦਾ ਹੈ
ਕਈ ਦੇਵ ਰਾਖਸ਼ ਰਿਸ਼ੀਆਂ ਮੁਨੀਆਂ ਦਾ
ਪਾਸ ਹੁੰਦਾ ਹੈ

-0-

ਕਈ ਰਤਨਾਂ ਦੇ ਸਮੁੰਦਰ ਹਨ
ਕਈ ਖਾਨੀਆਂ ਹਨ
ਕਈ ਬਾਣੀਆਂ ਹਨ
ਕਿੰਨੇ ਹੀ ਪਾਤਸ਼ਾਹ ਹਨ ਸ਼ਹਿਨਸ਼ਾਹ ਹਨ
ਕਈ ਸੁਰਤੀਆਂ ਹਨ
ਕਈ ਸੇਵਕ ਹਨ ਕੋਈ ਅੰਤ ਨਹੀਂ
ਗਿਆਨ ਖੰਡ ਵਿਚ

ਗਿਆਨ ਦਾ ਪ੍ਰਕਾਸ਼ ਹੈ
ਇੱਥੇ ਕਰੋੜਾਂ ਰਾਗ ਰਾਗਨੀਆਂ
ਧੁੰਨਾਂ ਸੁਰਾਂ ਸਾਜ਼ ਹਨ
ਮੌਜਾਂ ਤੇ ਆਨੰਦ ਦਾ ਕੋਈ ਅਥਾਹ ਨਹੀਂ

-0-

ਮਨੁੱਖ ਦੇ ਸੋਹੰਸੋ ਸ਼ਬਦ ਦੇ
ਸਿਮਰਨ ਅਭਿਆਸ ਰਾਹੀਂ
ਮਨੁੱਖੀ ਤ੍ਰੈਕੁਟੀ 'ਚ
ਆਤਮ ਜੋਤ ਦਾ ਅਕਾਰ
ਵੱਧਦਾ ਹੀ ਚਲਾ ਜਾਂਦਾ ਹੈ
ਮਨੁੱਖ ਦੇ ਅੰਦਰ ਤੇ ਚੇਤਨਾ 'ਚ
ਚਾਨਣ ਫੈਲਦਾ ਹੀ ਚਲਾ ਜਾਂਦਾ ਹੈ

-0-

ਜਿਉਂ ਜਿਉਂ ਆਤਮਾ
ਆਪਣੀ ਤ੍ਰਿਸ਼ਨਾ ਪੂਰਤੀ ਦਾ
ਸਫ਼ਰ ਤਹਿ ਕਰਦੀ ਹੈ
ਆਪਣਾ ਆਪਾ ਚਾਨਣ ਸੰਗ ਭਰਦੀ ਹੈ
ਇਸ ਪ੍ਰਕਾਸ਼ 'ਚ ਦੁਨੀਆਂ ਦੀ ਹਰ ਵਸਤੂ
ਜੀਵ ਜੰਤੂ ਦਾ ਸੱਚ
ਚੇਤਨਾ 'ਚ ਸਪਸ਼ਟ ਹੁੰਦਾ ਹੈ

-0-

ਚੇਤਨਾ 'ਚ ਇਸ ਜੋਤੀ ਗਿਆਨ ਸਦਕਾ
ਕਰੋੜਾਂ ਸੂਰਜਾਂ ਦੀ ਰੌਸ਼ਨੀ ਸਮਾਉਂਦੀ ਹੈ

ਮਨੁੱਖ ਦਾ ਪਿੰਡਾ ਜਗਣਾ ਸ਼ੁਰੂ ਹੁੰਦਾ ਹੈ
ਮਨੁੱਖ ਨੂੰ ਆਪਣੇ ਸਵੈ ਦੀ ਜੋਤ ਚੋਂ
ਬ੍ਰਹਮ ਦੀ ਅਕਾਰ-ਰਹਿਤਤਾ
ਅਨੁਭਵ ਹੋਣ ਲੱਗਦੀ ਹੈ

-0-

ਕਰੋੜਾਂ ਚੰਦਰਮਾਂ ਦੀ ਠੰਡਕ
ਚੇਤਨਾ ਮਨੁੱਖ ਅੰਦਰ ਮਹਿਸੂਸ
ਕਰਦੀ ਹੈ
ਕਈ ਧਰਤੀਆਂ ਦੀ ਉਤਪੱਤੀ
ਤੇ ਅਕਾਸ਼ਾਂ ਦੀ ਸਿਰਜਣਾ,
ਮਨੁੱਖੀ ਦੇਹ ਚੋਂ ਹੁੰਦੀ ਹੈ
ਸਮੂਹਕ ਕਾਇਆਨਾਤ ਦਾ
ਗਿਆਨ ਹੁੰਦਾ ਹੈ

-0-

ਸੋਹੰਸੋ ਸ਼ਬਦ
ਸਿਮਰਨ ਅਭਿਆਸ ਨਾਲ
ਗਿਆਨ ਵਿਗਿਆਨ ਦਾ ਰੂਪ
ਧਾਰਨ ਕਰਦਾ ਹੈ
ਚੇਤਨਾ ਨੂੰ
ਅਨੇਕਾਂ ਪ੍ਰਵਿਰਤੀਆਂ ਤੇ ਅਨੁਭਵਾਂ
ਦਾ ਗਿਆਨ ਹੁੰਦਾ ਹੈ
ਮਨੁੱਖੀ ਦੇਹ ਚੋਂ ਗਿਆਨ ਦੇ
ਸੋਮੇ ਫੁੱਟਦੇ ਹਨ

ਕੁਦਰਤ ਤੇ ਕਾਦਰ ਦੇ ਭੇਦ
ਖੁੱਲ੍ਹਦੇ ਹਨ

-0-

ਮਨੁੱਖ ਤ੍ਰੈਕੁਟੀ 'ਚ
ਆਤਮ ਜੋਤ ਦਾ ਪ੍ਰਕਾਸ਼ ਤੇ ਅਕਾਰ
ਹੋਰ ਫੈਲਦਾ ਹੈ
ਚੇਤਨਾ ਦੀ ਦ੍ਰਿਸ਼ਟੀ ਤੇ ਸ੍ਰਿਸ਼ਟੀ
ਵਿਕਸਦੀ ਹੈ
ਚੇਤਨਾ ਨੂੰ ਮਨ ਬਲ ਸਦਕਾ
ਇਸ ਵੱਧਦੇ ਅਕਾਰ ਨੂੰ
ਆਪਣੀ ਦ੍ਰਿਸ਼ਟੀ 'ਚ ਸਮਾਉਣ ਦੀ
ਸ਼ਕਤੀ ਮਿਲਦੀ ਹੈ

-0-

ਚੇਤਨਾ 'ਚ
ਬੂੰਦ ਸਾਗਰ ਦਾ ਰੂਪ ਧਾਰਨ ਕਰਦੀ
ਪ੍ਰਤੀਤ ਹੁੰਦੀ ਹੈ
ਆਤਮਾ ਆਪਣੀ ਹੋਂਦ ਤੋਂ
ਮੁਕਤ ਹੁੰਦੀ ਜਾਂਦੀ ਹੈ
ਆਪਣੀ ਤ੍ਰਿਸ਼ਨਾ ਪ੍ਰਾਪਤੀ ਦੇ ਸੱਚ 'ਚ
ਸਮਾਉਂਦੀ ਚਲ ਜਾਂਦੀ ਹੈ
ਇਸ ਆਤਮਕ ਪ੍ਰਕਾਸ਼ ਦਾ ਵੱਧਦਾ ਆਨੰਦ
ਏਨਾ ਇਲਾਹੀ ਹੈ
ਕਿ ਮਨੁੱਖੀ ਚੇਤਨਾ

ਇਸ ਅਵਸਥਾ 'ਚ ਦੇਹ ਲਈ
ਪ੍ਰਾਣਾਂ ਦੀ ਦਖ਼ਲਅੰਦਾਜ਼ੀ ਵੀ
ਬਰਦਾਸ਼ਤ ਨਹੀਂ ਕਰਦੀ

-0-

ਚੇਤਨਾ
ਆਤਮਕ ਪ੍ਰਕਾਸ਼ ਦੇ ਵਿਕਾਸ 'ਚ
ਏਨੀ ਮਗਨ ਹੁੰਦੀ ਹੈ
ਕਿ ਆਪਣੀ ਕਾਰਜ ਪ੍ਰਣਾਲੀ
ਵਿਸਰਦੀ ਮਹਿਸੂਸ ਕਰਦੀ ਹੈ
ਇਸ ਕਾਰਜ ਪ੍ਰਣਾਲੀ ਦੀ
ਬੇਚੈਨੀ ਚੋਂ ਨਿਕਲ
ਆਤਮਕ ਪ੍ਰਕਾਸ਼ ਦੇ ਆਨੰਦ 'ਚ
ਗੁਆਚ ਜਾਂਦੀ ਹੈ
ਸੁੰਨ ਹੋ ਜਾਂਦੀ ਹੈ
ਇਸ ਅਵੱਸਥਾ ਵਿਚ
ਮਨੁੱਖਾ ਦੇਹ ਲਈ
ਬਿਨ ਪ੍ਰਾਣ ਜ਼ਿਊਣ ਦੇ ਅੰਕੁਰ ਹਨ

-0-

ਇਸ ਤੋਂ ਅੱਗੇ ਬ੍ਰਹਮ ਸਫ਼ਰ 'ਚ
ਵਿਚਰਦੀ ਸੁਰਤੀ
ਸਰਮ ਖੰਡ 'ਚ ਪ੍ਰਵੇਸ਼ ਕਰਦੀ ਹੈ
ਸਰਮ ਖੰਡ ਅਧਿਆਤਮਕ ਸਫ਼ਰ 'ਚ
ਉਧਮ ਦੀ ਅਵੱਸਥਾ ਹੈ

ਬੀਜ ਚੋਂ ਰੁੱਖ ਦੇ ਉੱਗਣ ਦੀ
ਅਵੱਸਥਾ ਹੈ
ਆਂਡੇ ਚੋਂ ਜੀਵਨ ਦੇ
ਪੁੰਗਰਨ ਦੀ ਅਵੱਸਥਾ ਹੈ
ਪੱਥਰ ਚੋਂ ਗਤੀ ਜਨਮਣ ਦੀ ਇੱਛਾ ਹੈ

-0-

ਚਸ਼ਮੇ ਦੀ ਜ਼ਮੀਨ ਚੋਂ
ਫੁੱਟਣ ਦੀ ਸਥਿਤੀ ਹੈ
ਪਹਾੜ ਚੋਂ ਝਰਨੇ ਦੇ ਵੱਗਣ ਦਾ
ਸਮਾਂ ਹੈ
ਮਨੁੱਖ ਦੀ ਸੁਰਤੀ ਮੱਤ ਬੁੱਧ ਦੇ
ਵਿਕਾਸ ਦੀ ਅਵੱਸਥਾ ਹੈ
ਜਿਉਂਦਾ ਮਨੁੱਖ
ਜਿਉਂ ਜਿਉਂ ਸਿਮਰਨ ਅਭਿਆਸ ਦੇ
ਸਾਗਰ 'ਚ ਉਤਰਦਾ ਹੈ
ਗੁਰਮੁਖ ਹੁੰਦਾ ਜਾਂਦਾ ਹੈ

-0-

ਮਨੁੱਖੀ ਮਨ 'ਚ ਸ਼ੁੱਧਤਾ
ਤੇ ਠਹਿਰਾਓ ਆਉਂਦਾ ਹੈ
ਮਨੁੱਖਾ ਦੇਹ ਕੰਚਨ ਵਰਗੀ
ਹੋ ਜਾਂਦੀ ਹੈ
ਮਨੁੱਖ ਦੀ ਸੁਰਤੀ ਤੇ ਮਤ ਵਿਗਸਦੀ ਹੈ
ਉੱਚੀ ਤੇ ਵਿਸ਼ਾਲ ਹੋ ਜਾਂਦੀ ਹੈ

-0-

ਮਨ ਵਿਚ ਜਗਿਆਸਾ ਦੀ ਰੌਸ਼ਨੀ
ਮਨੁੱਖ ਦੇਹ 'ਚ ਦੇਵਤਿਆਂ ਤੇ ਸਿੱਧਾਂ ਦਾ
ਕਿਰਦਾਰ ਜਨਮਦੀ ਹੈ
ਇਸ ਅਵੱਸਥਾ ਵਿਚ
ਸੱਚ ਤੇ ਸੁੰਦਰਤਾ ਦੀਆਂ
ਘਾੜਤਾਂ ਘੜੀ ਦੀਆਂ ਹਨ
ਜੋ ਜ਼ਿਕਰ ਰਹਿਤ ਹੈ

-0-

ਇਸ ਅਵੱਸਥਾ 'ਚ
ਸੁਰਤੀ ਬੁੱਧ ਤੇ ਮੱਤ ਘੜੀ ਜਾਂਦੀ ਹੈ
ਦੇਵਤਿਆਂ ਤੇ ਸਿੱਧਾਂ ਵਾਲੀ ਹੋਸ਼
ਮਨੁੱਖ 'ਚ ਧਰੀ ਜਾਂਦੀ ਹੈ
ਸੁਰਤ ਬੁੱਧ ਤੇ ਮੱਤ ਤੇ ਮਨ ਦਾ
ਵਿਕਾਸ ਹੁੰਦਾ ਹੈ
ਸਰਮ ਖੰਡ
ਮਨੁੱਖ ਦੀ ਅਧਿਆਤਮਕ
ਲਗਨ ਤੇ ਮਿਹਨਤ ਦੀ ਅਵੱਸਥਾ ਹੈ

-0-

ਮਨੁੱਖੀ ਤ੍ਰੈਕੁਟੀ 'ਚ
ਜਿਉਂ ਜਿਉਂ ਆਤਮਕ ਜੋਤ ਦਾ
ਵਿਕਾਸ ਤੇ ਵਿਸਥਾਰ ਹੁੰਦਾ ਹੈ
ਬੁੱਧੀ ਸ੍ਰੇਸ਼ਟ ਹੁੰਦੀ ਚਲੀ ਜਾਂਦੀ ਹੈ

ਮਨ ਸਹਿਜ ਅਵੱਸਥਾ ਧਾਰਦਾ ਹੈ
ਮਨੁੱਖ ਦਾ ਸੋਹੰਸੋ ਦਾ ਸਿਮਰਨ ਹੀ
ਮਨੁੱਖ ਅੰਦਰ ਦੇਵਤਿਆਂ ਤੇ ਸਿੱਧਾਂ
ਵਾਲੀ ਸੋਝੀ ਪੈਦਾ ਕਰਦਾ ਹੈ
ਮਨੁੱਖ ਆਪਣੇ ਆਪ 'ਚ
ਉੱਚਾ ਉੱਠਦਾ ਹੈ

-0-

ਮਨੁੱਖ ਦਾ ਅਨੁਭਵ
ਅਸੀਮ ਹੋ ਜਾਂਦਾ ਹੈ
ਦੇਵਤਿਆਂ ਤੇ ਸ਼ਿੱਧਾ ਵਾਲੀ ਸੋਝੀ
ਮਨੁੱਖ ਦਾ ਵਿਹਾਰਕ ਅੰਗ
ਤੇ ਸੁਭਾਅ ਬਣਦੀ ਹੈ
ਜਿੱਥੇ ਗਿਆਨ ਖੰਡ 'ਚ
ਚੇਤਨਾ ਨੂੰ ਅਕਾਸ਼ਾਂ ਪਤਾਲਾਂ
ਬ੍ਰਹਿਮੰਡਾਂ ਖੰਡਾਂ ਸੂਰਜਾਂ ਚੰਨਾਂ
ਤਾਰਿਆਂ ਮੰਡਲਾਂ
ਦੇਵੀ ਦੇਵਤਿਆਂ ਸਿੱਧਾਂ ਪੁਰਸ਼ਾਂ ਦਾ
ਗਿਆਨ ਹੁੰਦਾ ਹੈ

-0-

ਉਥੇ ਸਰਮ ਖੰਡ 'ਚ
ਆਪਣੇ ਆਤਮਕ ਅਭਿਆਸ ਸਦਕਾ
ਚੇਤਨਾ ਅਕਾਸ਼ਾਂ ਪਤਾਲਾਂ ਬ੍ਰਹਿਮੰਡਾਂ
ਖੰਡਾਂ ਮੰਡਲਾਂ ਦੇ ਪਿੰਡੇ ਵਿਚ ਵੱਸਦੀ ਹੈ
ਪ੍ਰਕਿਰਤੀ ਦੇ ਗੁਣਾਂ

ਪ੍ਰਵਿਰਤੀਆਂ ਬਿਰਤੀਆਂ ਦੀ
ਯਥਾਰਥਕ ਅਭਿਆਸੀ ਹੁੰਦੀ ਹੈ

-0-

ਮਨੁੱਖ ਦੇਵਤਿਆਂ ਸਿਧਾਂ ਦਾ
ਵਿਚਰਨ ਧਰਾਤਲ
ਆਪਣੀ ਦੇਹ 'ਚ ਉਤਾਰਦਾ ਹੈ
ਆਪਣੀ ਦੇਹ 'ਚ ਉੱਚੀ
ਸੁਰਤੀ ਬੁੱਧ ਤੇ ਮਨ ਦਾ
ਨਿਰਮਾਣ ਕਰਦਾ ਹੈ
ਮਨੁੱਖੀ ਤ੍ਰੈਕੁਟੀ 'ਚ
ਆਤਮ ਜੋਤ ਦਾ ਪ੍ਰਕਾਸ਼
ਫੈਲਾਅ ਦੀਆਂ ਸਿਖ਼ਰਾਂ ਛੋਂਹਦਾ ਹੈ
ਚੇਤਨਾ ਬ੍ਰਹਿਮੰਡਕ ਦੇਵੀ ਦੇਵਤਿਆਂ
ਦੀਆਂ ਪੁਰੀਆਂ ਦਾ ਸਫ਼ਰ ਕਰਦੀ ਹੈ

-0-

ਬ੍ਰਹਿਮੰਡ ਦਾ ਚਾਨਣ
ਕਾਇਆਨਾਤ ਦੀ ਸਿਰਜਣਾ
ਮਨੁੱਖ ਚੇਤਨਾ ਰਾਹੀਂ
ਆਪਣੀ ਦੇਹ 'ਚ ਉਤਾਰਦਾ ਹੈ
ਅਕਾਸ਼ਾਂ ਪਤਾਲਾਂ ਸੂਰਜਾਂ ਚੰਨਾਂ
ਤਾਰਿਆਂ ਦਾ ਯਥਾਰਥਕ ਸੱਚ
ਆਪਣੇ ਸਾਹਾਂ 'ਚ ਜਿਉਂਦਾ ਹੈ
ਮਨੁੱਖੀ ਚੇਤਨਾ
ਆਪਣੀ ਦੇਹ 'ਚ

ਬ੍ਰਹਿਮੰਡਾਂ ਖੰਡਾਂ ਅਕਾਸ਼ਾਂ
ਪਤਾਲਾਂ ਦਾ ਭਰਮਣ ਕਰਦੀ ਹੈ
ਪ੍ਰਕਿਰਤੀ ਦੇ ਪਿੰਡੇ 'ਚ ਉਤਰਦੀ ਹੈ
ਸਾਗਰ ਸਹਿਰਾ ਤਰਦੀ ਹੈ

-0-

ਮਨੁੱਖ ਕੁਦਰਤ ਤੇ ਕਾਦਰ ਦੀ
ਇਕਾਈ ਦਾ ਭੇਦ ਪਾਉਂਦਾ ਹੈ
ਬ੍ਰਹਿਮੰਡਾਂ 'ਚ ਵਸਦਾ ਹੈ
ਆਪਣੀ ਦੇਹ 'ਚ ਬ੍ਰਹਿਮੰਡ ਵਸਾਉਂਦਾ ਹੈ
ਸਿਮਰਨ ਤੇ ਅਭਿਆਸ ਸਦਕਾ
ਆਤਮ ਜੋਤ
ਮਨੁੱਖੀ ਸੋਚ ਦੇ ਯਥਾਰਥ 'ਚ
ਉਤਰਦੀ ਹੈ

-0-

ਮਨੁੱਖੀ ਦੇਹ ਮਨ ਬੁੱਧੀ
ਤੇ ਸੁਰਤੀ ਦਾ
ਕਾਇਆਕਲਪ ਹੁੰਦਾ ਹੈ
ਮਨ ਚੰਦਰਮਾ ਦੀ ਠੰਡਕ ਜਿਉਂਦਾ ਹੈ
ਬੁੱਧੀ ਸੂਰਜ ਵਾਂਗ ਜਗਦੀ ਹੈ
ਸੁਰਤੀ ਹਵਾ ਦੀ ਗਤੀ ਅੱਗਣ ਦਾ
ਤੇਜ ਲੱਗਦੀ ਹੈ
ਮਨ ਬੁਧੀ ਚੇਤਨਾ ਦੇ ਵਿਕਾਸ ਸਦਕਾ
ਮਨੁੱਖ ਸਰਮ ਖੰਡ ਤੋਂ

ਕਰਮ ਖੰਡ ਦਾ ਸਫ਼ਰ ਕਰਦਾ ਹੈ
ਆਪਣੀ ਚੇਤਨਾ 'ਚ ਸ਼ਕਤੀ
ਤੇ ਨੂਰ ਭਰਦਾ ਹੈ

-0-

ਕਰਮ ਖੰਡ
ਸ਼ਾਂਤੀ ਦੀ ਅਵੱਸਥਾ ਹੈ
ਕਰਮ ਖੰਡ ਵਿਚ ਸੁਰਤੀ ਦੀਆਂ
ਬਾਤਾਂ ਹਨ
ਇਸ ਅਵੱਸਥਾ ਵਿਚ
ਯੌਧੇ ਸੂਰਮੇ ਮਹਾਂ ਬਲੀ
ਅੱਪੜਦੇ ਹਨ
ਜਿਨ੍ਹਾਂ ਦੇ ਮਨ ਵਿਚ ਪ੍ਰਭੂ
ਵਸਿਆ ਹੈ

-0-

ਇਸ ਅਵੱਸਥਾ ਵਿਚ
ਬ੍ਰਹਮ ਵਸੇਂਦੇ ਮਨਾਂ ਦੀ
ਮਹਿਮਾਂ ਰੂਪ ਸੁੰਦਰਤਾ
ਬਲ ਦ੍ਰਿੜ੍ਹਤਾ ਤੇ ਵਿਸ਼ਵਾਸ
ਬਿਆਨਿਆ ਜਾ ਨਹੀਂ ਸਕਦਾ
ਜਿਨ੍ਹਾਂ ਦੇ ਮਨ ਵਿਚ ਵਸੇ ਰਾਮ
ਨਾ ਉਹ ਮਰਨ ਨਾ ਠੱਗੇ ਜਾਣ

-0-

ਕਰਮ ਖੰਡ ਵਿਚ
ਕਈਆਂ ਲੋਕਾਂ ਤੇ ਭਗਤਾਂ ਦਾ ਵਸੇਰਾ ਹੈ
ਜਿਨ੍ਹਾਂ ਦੇ ਮਨ 'ਚ ਰੱਬੀ ਨਾਮ ਦਾ ਡੇਰਾ ਹੈ

ਇਸ ਅਵੱਸਥਾ 'ਚ
ਆਤਮ ਜੋਤ ਦੇ ਪ੍ਰਕਾਸ਼
ਤੇ ਵਿਕਾਸ ਦੇ ਸਦਕਾ
ਮਨੁੱਖ ਦੀ ਚੇਤਨਾ 'ਚ
ਯੋਧੇ ਸੂਰਮੇ ਮਹਾਂ ਬਲੀਆਂ
ਵਰਗੀਆਂ ਸ਼ਕਤੀਆਂ ਦਾ
ਪ੍ਰਵੇਸ਼ ਹੁੰਦਾ ਹੈ

-0-

ਮਨੁੱਖੀ ਚੇਤਨਾ 'ਚ
ਬ੍ਰਹਮ ਦੇ ਵਸਣ ਦਾ ਅਹਿਸਾਸ
ਤੇ ਤ੍ਰੈਕੁਟੀ 'ਚ
ਆਤਮ ਪ੍ਰਕਾਸ਼ ਕੁੱਲ ਬ੍ਰਹਿਮੰਡ 'ਚ
ਫੈਲ ਜਾਂਦਾ ਹੈ
ਮਨੁੱਖ ਦਾ ਅੰਦਰ ਬਾਹਰ
ਆਪਣੇ 'ਚ ਲਪੇਟ ਲੈਂਦਾ ਹੈ
ਰੱਬੀ ਜੋਤ
ਮਨੁੱਖ ਦੀ ਦੇਹ 'ਚ ਜਗਦੀ ਹੈ
ਮਨੁੱਖ ਦਾ ਰੂਪ ਨਿਖਾਰਦੀ ਹੈ
ਸੱਚ ਸੁਤੰਤਰਤਾ ਤੇ ਕਲਿਆਣ
ਜੀਵਨ ਵਿਚ ਪਸਾਰਦੀ ਹੈ

-0-

ਮਨੁੱਖ
ਆਪਣਾ ਚਾਨਣ ਹੰਢਾਉਂਦਾ ਹੈ

ਆਪਣੇ ਚਾਨਣ 'ਚ ਤਰਦਾ ਹੈ
ਸਵੈ ਜੋਤ ਦੇ ਪ੍ਰਕਾਸ਼ ਨੂੰ
ਸਿਮਰਨ ਰਾਹੀਂ ਮਨੁੱਖੀ ਚੇਤਨਾ
ਨਿਰਭਓ ਤੇ ਨਿਰਵੈਰ ਦੇ ਗੁਣਾਂ ਨਾਲ
ਮਨੁੱਖ ਦੀ ਦ੍ਰਿਸ਼ਟੀ ਤੇ ਅਨੁਭਵ 'ਚ ਉਤਾਰਦੀ ਹੈ
ਆਪਣੇ ਸਵੈ ਨੂੰ
ਆਪਣੀ ਦੁਨੀਆਂ 'ਚ ਵਿਚਰਦਾ ਵੇਖਦੀ ਹੈ
ਸਾਰੇ ਬ੍ਰਹਿਮੰਡ ਅਕਾਸ਼ ਪਤਾਲ
ਮਨੁੱਖ ਮਨੁੱਖਤਾ
ਇਕ ਇਕਾਈ ਲੱਗਦੇ ਹਨ
ਸਭ ਦਾ ਸੱਚ ਇਕ ਹੈ ਹੋਂਦ ਇਕ ਹੈ
ਸਭ 'ਚ ਉਸਦਾ ਨੂਰ ਹੈ
ਉਸਦਾ ਵਜ਼ੂਦ ਹੈ ਰੰਗ ਰੂਪ ਹੈ

-0-

ਕਰਮ ਖੰਡ ਤੋਂ ਬਾਅਦ
ਸੱਚ ਖੰਡ ਦਾ
ਮਨੁੱਖੀ ਚੇਤਨਾ ਵਿਚ ਵਾਸ ਹੈ
ਮਨੁੱਖ ਸੋਹੰਸੋ ਸ਼ਬਦ ਸਿਮਰਨ
ਅਭਿਆਸ ਸੰਗ
ਸੱਚ ਖੰਡ ਦੀ ਅਵੱਸਥਾ ਵਿਚ
ਪਹੁੰਚ ਜਾਂਦਾ ਹੈ
ਤ੍ਰੈਕੁਟੀ 'ਚ ਆਤਮ ਜੋਤ ਦਾ ਪ੍ਰਕਾਸ਼
ਮਨੁੱਖੀ ਦੇਹ ਤੇ ਚੇਤਨਾ ਦੇ

ਅੰਦਰ ਬਾਹਰ ਫੈਲ ਜਾਂਦਾ ਹੈ
ਬ੍ਰਹਿਮੰਡ ਨੂੰ
ਆਪਣੀ ਬੁੱਕਲ ਵਿਚ ਲੈ ਲੈਂਦਾ ਹੈ
ਕੁੱਲ ਸਮੱਗਰੀ ਨੂੰ
ਆਪਣੇ ਨੂਰ 'ਚ ਸਮੇਟ ਲੈਂਦਾ ਹੈ

-0-

ਇਹ ਨੂਰ ਬ੍ਰਹਿਮੰਡ ਦੇ
ਅੰਦਰ ਵੀ ਹੈ ਬਾਹਰ ਵੀ ਹੈ ਦੁਆਲੇ ਵੀ ਹੈ
ਆਰ ਵੀ ਹੈ ਪਾਰ ਵੀ ਹੈ
ਮਨੁੱਖ ਦਾ ਸੋਹੰਸੋ ਦਾ ਸਿਮਰਨ
ਆਤਮ ਜੋਤ ਨੂੰ ਪਰਮ ਜੋਤ
ਵਿਚ ਢਾਲ ਦਿੰਦਾ ਹੈ
ਆਤਮਾ ਆਪਣਾ ਸੱਚ ਪਾਉਂਦੀ ਹੈ
ਉਪਾਧੀ (ਦੇਹ) ਰਹਿਤ ਆਤਮਾ ਹੀ
ਬ੍ਰਹਮ ਰੂਪ ਕਹਾਉਂਦੀ ਹੈ

-0-

ਆਤਮਾ ਸੱਚ ਦਾ
ਸੱਚਖੰਡ 'ਚ ਵਸੇਰਾ ਹੈ
ਜੋ ਆਤਮਾ ਦੀ ਦੇਹ ਹੈ ਕੁੱਖ ਹੈ
ਆਤਮਾ ਦੇ ਅੰਦਰ ਬਾਹਰ
ਇਸ ਸੱਚ ਦਾ ਡੇਰਾ ਹੈ
ਇਹ ਆਤਮਾ ਦਾ ਰੂਪ ਹੈ
ਆਤਮਾ ਦਾ ਸਰੂਪ ਹੈ

ਆਤਮਾ
ਜਦ ਇਸ ਰੂਪ 'ਚ ਢਲਦੀ ਹੈ
ਆਪਣੀ ਹੋਂਦ
ਆਪਣੀ ਪਹਿਚਾਣ ਖੋਹ ਜਾਂਦੀ ਹੈ
ਬ੍ਰਹਮ ਪਹਿਚਾਣ ਹੋ ਜਾਂਦੀ ਹੈ

-0-

ਸੱਚ ਖੰਡ ਬ੍ਰਹਮ ਦਾ ਵਸੇਰਾ ਹੈ
ਇਸ ਅਵੱਸਥਾ 'ਚ
ਬ੍ਰਹਮ ਹੋਈ ਆਤਮਾ
ਕਈ ਬ੍ਰਹਿਮੰਡਾਂ ਅਕਾਸ਼ਾਂ ਪਤਾਲਾਂ
ਮੰਡਲਾਂ ਧਰਤੀਆਂ ਪ੍ਰਕਿਰਤੀਆਂ
'ਚ ਵਿਚਰਦੀ ਹੈ
ਇਹ ਇਨ੍ਹਾਂ ਵਿਸ਼ਾਲ ਹੈ
ਕਿ ਇਸ ਦਾ ਕੋਈ ਅੰਤ ਨਹੀਂ
ਅਥਾਹ ਨਹੀਂ

-0-

ਸੱਚ ਖੰਡ ਕਈਆਂ
ਲੋਕਾਈਆਂ ਦਾ ਵਸੇਰਾ ਹੈ
ਬ੍ਰਹਮ ਇਹ ਸਭ ਕੁੱਝ
ਨਦਰਿ ਨਿਹਾਲ ਹੋਇਆ
ਵੇਖ ਰਿਹਾ ਹੈ
ਹਰ ਚੀਜ਼ ਉਸ ਦੇ ਹੁਕਮ 'ਚ ਹੈ
ਭਾਣੇ 'ਚ ਹੈ
ਅਕਾਲ ਪੁਰਖ ਇਹ ਵੇਖਦਾ ਏਨਾ
ਖ਼ੁਸ਼ ਹੁੰਦਾ ਹੈ

ਕਿ ਉਸ ਬਾਬਤ
ਕੁੱਝ ਕਹਿਣਾ ਅਸੰਭਵ ਹੈ

-0-

ਸੱਚ ਖੰਡ ਵਿਚ ਜੋਤ ਦੀ ਭੱਠੀ
ਧੀਰਜ ਦਾ ਸੁਨਿਆਰ ਹੈ
ਅਕਲ ਦੀ ਅਹਿਰ੍ਨ ਹੈ
ਵੇਦ ਦਾ ਹਥਿਆਰ ਹੈ
ਡਰ ਦੀ ਧੌਂਖਣੀ
ਤਪੱਸਿਆ ਦੀ ਅੱਗ ਹੈ
ਪ੍ਰੇਮ ਦਾ ਭਾਂਡਾ ਹੈ
ਜਿਸ ਵਿਚ ਅਮ੍ਰਿਤ ਝਰ ਰਿਹਾ ਹੈ
ਇਸ ਸੱਚੀ ਟੱਕਸਾਲ 'ਚ
ਸ਼ਬਦ ਘੜੀ ਦਾ ਹੈ

-0-

ਜਿਨ੍ਹਾਂ ਦੇ ਸਿਰਾਂ ਤੇ
ਵਾਹੇਗੁਰੂ ਦੀ ਬਖ਼ਸ਼ਿਸ਼ ਹੈ
ਇਹ ਕੰਮ ਉਨ੍ਹਾਂ ਦਾ ਹੈ
ਇਸ ਅਵੱਸਥਾ ਵਿਚ
ਮਨੁੱਖ ਬ੍ਰਹਮ ਗਿਆਨੀ ਹੈ
ਜਨਮ ਮਰਨ ਤੋਂ ਰਹਿਤ ਹੈ
ਦੇਹ ਤੇ ਪ੍ਰਾਣਾਂ ਦਾ ਮੁਥਾਜ਼ ਨਹੀਂ
ਪੂਰਨ ਸੁਤੰਤਰ ਹੋਂਦ ਹੈ ਨਾ ਰੰਗ ਨਾ ਰੂਪ ਹੈ
ਨੂਰ ਹੀ ਨੂਰ ਹੈ ਨੂਰ ਹੀ ਨੂਰ ਹੈ

-----

## ਹੋਂਦ ਦੇ ਸੱਚ ਦੀ ਪ੍ਰਾਪਤੀ
## ਤੋਂ ਬਾਅਦ ਹੋਈ ਮਨੁੱਖੀ
## ਕਾਇਆਕਲਪ ਦਾ ਅਰਥ ਤੇ ਪ੍ਰਯੋਜਨ

ਮਨੁੱਖ
ਜਦ ਸਵੈ ਦੇ ਸੱਚ ਨੂੰ
ਜਾਣ ਲੈਂਦਾ ਹੈ
ਹੋਰਾਂ ਮਨੁੱਖਾਂ ਜੀਵ ਜੰਤੂਆਂ ਪਸ਼ੂ
ਪੰਛੀਆਂ ਦੇ ਸਵੈ ਨੂੰ ਪਹਿਚਾਣ ਲੈਂਦਾ ਹੈ
ਕਾਮ ਕ੍ਰੋਧ ਲੋਭ ਮੋਹ ਹੰਕਾਰ ਤਿਆਗ ਦਿੰਦਾ ਹੈ
ਸੱਚ ਸੁੰਦਰਤਾ ਤੇ ਕਲਿਆਣ ਦੀ ਦੁਨੀਆਂ
ਉਸਾਰ ਲੈਂਦਾ ਹੈ

-0-

ਮਨੁੱਖ ਮਨੁੱਖ ਦੇ ਪੈਰਾਂ ਦੀ ਖ਼ਾਕ ਹੋ ਜਾਂਦਾ ਹੈ
ਸਬਰ ਸੰਤੋਖ ਦਯਾ ਦਾ ਰੂਪ ਧਾਰਦਾ ਹੈ
ਆਪਣੀ ਮੈਂ 'ਚ ਤੂੰ ਨੂੰ ਉਤਾਰਦਾ ਹੈ
ਸਵੈ ਸੱਚ ਤੋਂ ਜਾਣੂ ਮਨੁੱਖ ਦੇ ਪਿੰਡੇ ਚੋਂ
ਮਹਿਕ ਆਉਂਦੀ ਹੈ
ਮੱਥੇ 'ਚ ਜੋਤ ਜਗਦੀ ਹੈ
ਉਹ ਮਨੁੱਖਤਾ 'ਚ ਵਸਦਾ ਹੈ
ਮਨੁੱਖਤਾ ਉਸ 'ਚ ਵਸਦੀ ਹੈ
ਉਸਦੀ ਚੇਤਨਾ ਚਾਨਣ ਦੀ ਨਦੀ ਬਣਕੇ
ਜੀਵਨ 'ਚ ਵਗਦੀ ਹੈ

-0-

ਉਸਦੀ ਦੁਨੀਆਂ
ਕਲਿਆਣ ਤੇ ਭਲੇ ਦੀ ਦੁਨੀਆਂ ਹੈ
ਉਹ ਉੱਚੀ ਸੁੱਚੀ ਸਭਿਅਤਾ
ਸਿਰਜਦਾ ਹੈ
ਪਿਆਰ ਹਮਦਰਦੀ ਸੱਚ ਸੁੰਦਰਤਾ
ਬਣਕੇ ਵਿਚਰਦਾ ਹੈ
ਵੱਖ ਵੱਖ ਜਾਤਾਂ ਪਾਤਾਂ ਰੰਗ ਨਸਲਾਂ ਦੇ ਲੋਕਾਂ 'ਚ
ਉਸਨੂੰ ਉਸਦਾ ਸਵੈ ਵਸਦਾ ਲੱਗਦਾ ਹੈ
ਉਹ ਨਫ਼ਰਤ ਵੈਰ-ਵਿਰੋਧ ਤੇ ਕੁੜੱਤਣ
ਧਰਤੀ ਤੋਂ ਹੂੰਝਦਾ ਹੈ
ਤਿਆਗ ਦਯਾ ਸਬਰ- ਸੰਤੋਖ ਦੀਆਂ
ਰਹਿਮਤਾਂ ਤੇ ਨਿਹਮਤਾਂ ਵੰਡਦਾ ਹੈ

-0-

ਉਸਦੀ ਨਜ਼ਰ 'ਚ ਕੋਈ ਉੱਚਾ ਨੀਵਾਂ ਨਹੀਂ
ਉਹ ਸਰਬਤ ਦਾ ਭਲਾ ਮੰਗਦਾ ਹੈ
ਨਾ ਕੋਈ ਵੈਰੀ ਨਾ ਹੀ ਬੇਗਾਨਾ
ਏਕ ਨੂਰ ਤੇ ਸਭ ਜਗ ਉਪਜਿਉ ਦੇ
ਸਿਧਾਂਤਾਂ ਨੂੰ ਜਿਉਂਦਾ ਤੇ ਹੰਢਾਉਂਦਾ ਹੈ

-0-

ਸੱਚ ਵਿਚਾਰਦਾ ਤੇ ਪ੍ਰਚਾਰਦਾ ਹੈ
ਸੁੰਦਰਤਾ ਸਹਿਨਸ਼ੀਲਤਾ ਵਿਸਥਾਰਦਾ ਹੈ
ਮੁਹੱਬਤਾਂ ਬੀਜਦਾ ਕਲਿਆਣ ਉਸਾਰਦਾ ਹੈ

ਉਸਦੀ ਹੋਂਦ ਦਾ ਸੱਚ
ਕੁੱਲ ਮਨੁੱਖਤਾ ਦੀ ਸਾਂਝ ਹੈ
ਉਸਦਾ ਸੱਚ ਮਨੁੱਖਤਾ ਦਾ ਸੱਚ ਹੈ

–0–

ਮਨੁਖਾ ਧਰਮ ਜਾਤ ਰੰਗ ਨਸਲ ਵੱਖਰੀ ਹੈ
ਪਰ ਸਭ ਦਾ ਸੱਚ ਇਕੋ ਹੈ
ਮਨੁੱਖ ਤੇ ਮਨੁੱਖਤਾ ਵਿਚਲੀ ਇਕਾਈ ਇਕ ਹੈ
ਜੋ ਮਨੁੱਖ ਲਈ ਮਨੁੱਖਤਾ ਨੂੰ ਸਮਝਣ ਦਾ ਚਾਨਣ ਹੈ
ਪਾੜੇ ਤੇ ਵਿੱਥ ਮੇਟਣ ਦੀ ਰੌਸ਼ਨੀ ਹੈ

–0–

ਮਨੁੱਖੀ ਹੋਂਦ ਇਕ ਇਕਾਈ ਹੈ
ਇਹ ਇਕਾਈ ਜੀਵਨ ਦੀ ਸੱਚਾਈ ਹੈ
ਇਹ ਸੱਚ ਮਨੁੱਖ ਨੂੰ
ਮਨੁਖਤਾ ਦੇ ਲਹੂ 'ਚ ਘੋਲਦਾ ਹੈ
ਪਿੰਡਾਂ ਸ਼ਹਿਰਾਂ ਸੂਬਿਆਂ ਦੇਸ਼ਾਂ ਦੇ
ਹੱਦਾਂ ਬੰਨੇ ਤੋੜਦਾ ਹੈ

–0–

ਕਾਇਆਕਲਪ ਹੋਇਆ ਮਨੁੱਖੀ ਅਰਥ
ਸਾਰੀ ਮਨੁੱਖਤਾ ਨੂੰ ਇਕ ਲੜੀ 'ਚ ਪਰੋਂਦਾ ਹੈ
ਮਨੁੱਖ 'ਚ ਵੰਡੀਆਂ ਧਰਤੀਆਂ
ਇਕ ਧਰਤੀ 'ਚ ਸਮੋਂਦਾ ਹੈ
ਸਾਰੀ ਦੁਨੀਆਂ ਇਕ ਧਰਤ ਥਾਲ 'ਚ
ਬਿਠਾਉਂਦਾ ਹੈ

ਵੱਖ ਵੱਖ ਸਭਿਆਤਾਵਾਂ
ਸਭਿਆਚਾਰਾਂ ਰਸਮਾਂ ਗੀਤਾਂ
ਬੋਲੀਆਂ ਭਾਸ਼ਾਵਾਂ ਦੀ ਸਾਂਝ ਜਿਉਂਦਾ ਹੈ

-0-

ਮਨੁੱਖ ਨੂੰ ਮਨੁੱਖਤਾ ਨੂੰ
ਉਸਦਾ ਸੱਚ ਵਿਖਾਉਂਦਾ ਹੈ
ਮਨੁੱਖ ਤੇ ਮਨੁੱਖਤਾ ਨੂੰ ਆਪਾ ਪੜ੍ਹਾਉਂਦਾ ਹੈ
ਕੁਦਰਤ ਦੇ ਵੱਖਰੇਪਣ ਚੋਂ
ਏਕਤਾ ਦਾ ਸੱਚ ਸਮਝਾਉਂਦਾ ਹੈ
ਅਕਾਸ਼ ਸੂਰਜ ਚੰਨ ਸਿਤਾਰੇ
ਬ੍ਰਹਿਮੰਡ ਗ੍ਰਹਿ ਉਪ-ਗ੍ਰਹਿ
ਧਰਤੀਆਂ ਪ੍ਰਕਿਰਤੀਆਂ ਨਜ਼ਾਰੇ
ਪਹਾੜ ਜੰਗਲ ਦਰਿਆ ਸਾਗਰ
ਨਦੀਆਂ ਕਿਨਾਰੇ
ਸਭ ਦੇ ਰੂਪ ਵੱਖਰੇ ਹਨ ਦਿੱਖ ਵੱਖਰੀ ਹੈ
ਪਰ ਸਪ ਦੀ ਹੋਂਦ ਇਕੋ ਹੈ
ਸਭ ਦਾ ਸੱਚ ਇਕੋ ਹੈ

-0-

ਵੱਖਰੀਆਂ ਵੱਖਰੀਆਂ
ਵਿਚਾਰ ਧਾਰਾਵਾਂ ਸੋਚਾਂ ਦਾ
ਜੇ ਸੱਚ ਸਮਝਿਆ ਜਾਵੇ ਪਰਖਿਆ ਜਾਵੇ
ਤਾਂ ਸੱਚ ਦੀ ਸਾਂਝ ਹੋ ਸਕਦੀ ਹੈ

ਮਨੁੱਖ ਮਨੁੱਖ ਨਾਲ ਆਪਣਾ ਮੋਢਾ ਜੋੜ
ਖਲੋ ਸਕਦਾ ਹੈ
ਮਨੁੱਖੀ ਹੋਂਦ ਦਾ ਸੱਚ ਹੀ
ਸਾਰੀ ਮਨੁੱਖਤਾ ਸਾਰੀ ਸ੍ਰਿਸ਼ਟੀ ਦੀ
ਸਮੱਗਰੀ ਦਾ ਵਸੇਰਾ ਹੈ
ਇਹ ਸੱਚ ਹੀ ਮੇਰਾ ਹੈ
ਇਹ ਸੱਚ ਹੀ ਤੇਰਾ ਹੈ

-0-

ਮਨੁੱਖ ਜੇ ਆਪਣੇ ਚੋਂ
ਆਪਣੀ ਮੈਂ ਤਿਆਗ ਦੇਵੇ
ਮੈਂ ਦੇ ਹਨ੍ਹੇਰੇ 'ਚ ਤੂੰ ਦਾ ਸੂਰਜ ਉਤਾਰ ਦੇਵੇ
ਤਾਂ ਚਾਨਣ ਹੀ ਚਾਨਣ ਹੈ
ਆਪਣੀਆਂ ਜਮਾਂਦਰੂ ਪ੍ਰਵਿਰਤੀਆਂ
ਕਾਮ ਕ੍ਰੋਧ ਲੋਭ ਮੋਹ ਹੰਕਾਰ ਦੇ
ਜੇ ਅਰਥ ਬਦਲ ਦੇਵੇ
ਇਨ੍ਹਾਂ ਪ੍ਰਵਿਰਤੀਆਂ ਦੀ ਊਰਜਾ ਨੂੰ
ਜੀਵਨ ਦੀ ਚੜ੍ਹਦੀ ਕਲਾ ਲਈ ਵਰਤੇ
ਤਾਂ ਵਿਸ਼ਵ ਦਾ ਰੂਪ ਬਦਲ ਸਕਦਾ ਹੈ
ਮਾਨਵਤਾ ਦਾ ਸਰੂਪ ਬਦਲ ਸਕਦਾ ਹੈ

-0-

ਇਹ ਪ੍ਰਵਿਰਤੀਆਂ
ਉਜਲੇ ਭਵਿੱਖ ਲਈ ਮਨੁੱਖਤਾ ਦੀ ਹਿਫ਼ਾਜ਼ਤ ਲਈ

ਜੀਵਨ ਦੇ ਵਿਕਾਸ ਤੇ ਇਬਾਦਤ ਲਈ
ਅਮਨ ਸ਼ਾਂਤੀ ਬਰਕਰਾਰ ਰੱਖਣ ਲਈ
ਮਾਨਵਤਾ 'ਚ ਮਾਨਵਤਾ ਵਿਸਥਾਰਨ ਲਈ
ਜੇ ਵਰਤੀਆਂ ਜਾਣ
ਤਾਂ ਦੁਨੀਆਂ ਸੁੰਦਰ ਸਰੂਪ ਹੋ ਸਕਦੀ ਹੈ
ਚੰਨਾਂ ਸੂਰਜਾਂ ਤਾਰਿਆਂ ਦਾ ਰੂਪ ਹੋ ਸਕਦੀ ਹੈ
ਮਨੁੱਖ ਨੂੰ ਲੋੜ ਹੈ
ਇਨ੍ਹਾਂ ਪ੍ਰਵਿਰਤੀਆਂ ਦੀ ਊਰਜਾ ਸ਼ਕਤੀ ਨੂੰ
ਜੀਵਨ ਦੀ ਚੜ੍ਹਦੀ ਕਲਾ 'ਚ ਲਾਉਣ ਲਈ
ਜ਼ਿੰਦਗੀ ਨੂੰ ਅਗਾਂਹਵਧੂ
ਸੱਚ ਸੁੰਦਰਤਾ ਤੇ ਸ਼ਕਤੀਸ਼ਾਲੀ ਬਣਾਉਣ ਲਈ

-0-

ਜਿਵੇਂ ਜ਼ਰੇ ਜ਼ਰੇ 'ਚ ਕਰਤਾ ਸਮਾਇਆ ਹੈ
ਇੰਜ ਹੀ ਇਕੱਲਾ ਇਕੱਲਾ ਮਨੁੱਖ
ਸਾਰੀ ਮਨੁੱਖਤਾ 'ਚ ਪਰੋਇਆ ਹੈ
ਮਨੁੱਖਤਾ ਮਨੁੱਖੀ ਜਿਸਮ ਦੀ ਸਮੱਗਰੀ ਹੈ
ਮਨੁੱਖ ਮਨੁੱਖਾਂ ਦਾ ਲਹੂ ਹੈ
ਹੋਂਦ ਸੱਚ ਦੀ ਪ੍ਰਾਪਤੀ ਤੋਂ ਬਾਅਦ
ਇਹ ਸੱਚ ਮਨੁੱਖਤਾ ਤੇ ਦੁਨੀਆਂ 'ਚ
ਪ੍ਰਚਾਰਨ ਦੀ ਲੋੜ ਹੈ
ਵਿਸ਼ਵ ਦੇ ਹਰ ਅੰਗ 'ਚ ਉਤਾਰਨ ਦੀ ਲੋੜ ਹੈ

-0-

ਇਸ ਸਵੈ ਸੱਚ ਦੇ ਅਧਾਰ ਤੇ
ਨਵੀ ਦੁਨੀਆਂ ਉਸਾਰਨ ਦੀ ਲੋੜ ਹੈ
ਜਿਸ ਦੀ ਹੋਂਦ ਸਵੈ ਸੱਚ ਹੋਵੇ
ਜਿਸ ਦਾ ਅਧਾਰ ਤੇ ਵਿਸਥਾਰ
ਸਵੈ ਸੱਚ ਹੋਵੇ
ਇਹ ਸਵੈ ਸੱਚ ਧਰਤੀ ਦੇ ਹਰ ਸਖ਼ਸ਼ ਦੇ
ਜ਼ਿਹਨ 'ਚ ਉਤਾਰਨ ਦੀ ਲੋੜ ਹੈ

-0-

ਮਨੁੱਖਤਾ ਨੂੰ ਆਪਾ ਪੜ੍ਹਣ ਦੀ ਲੋੜ ਹੈ
ਵਿਸ਼ਵ ਦੇ ਵਜ਼ੂਦ 'ਚ ਇਸ ਸੱਚ ਦੇ ਸੂਰਜ
ਧਰਨ ਦੀ ਲੋੜ ਹੈ
ਤਾਂ ਕਿ ਮਨੁੱਖਤਾ
ਆਪਣੀ ਹੋਂਦ ਦਾ ਸੱਚ ਜਾਣ ਸਕੇ
ਆਪਣਾ ਭੂਤ ਵਰਤਮਾਨ ਤੇ ਭਵਿੱਖ
ਪਹਿਚਾਣ ਸਕੇ

-0-

ਮਨੁੱਖਤਾ ਦਾ ਸੱਚ ਹੀ
ਮਨੁੱਖਤਾ ਦਾ ਭਗਵਾਨ ਹੈ
ਮਨੁੱਖਤਾ ਹੀ ਪੁਜਾਰੀ ਹੈ ਪੂਜਾ ਹੈ
ਸਮੱਗਰੀ ਹੈ ਪੂਜਣ ਸਥਾਨ ਹੈ
ਮਨੁੱਖ ਦਾ ਧਰਮ ਮਨੁੱਖਤਾ ਹੈ

ਮਨੁੱਖ ਦੀ ਜਾਤ ਮਨੁੱਖਤਾ ਹੈ
ਮਾਨਵ ਦਾ ਸੱਚ
ਮਨੁੱਖਤਾ ਦੇ ਗ੍ਰੰਥ ਹਨ ਵੇਦ ਹਨ
ਸ਼ਾਸਤਰ ਹਨ
ਮਾਨਵ ਦਾ ਅਧਾਰ ਮਾਨਵਤਾ ਹੈ
ਜਿਸ ਚੋਂ
ਪਿਆਰ ਦੇ ਅੰਕੁਰ ਫੁੱਟਦੇ ਹਨ
ਪਿਆਰ ਦਾ ਚਾਨਣ
ਮਾਨਵਤਾ ਤੇ ਦੁਨੀਆਂ 'ਚ ਫੈਲਦਾ ਹੈ

-0-

ਇਹ ਸੱਚ ਹੀ ਸਾਂਝੀਵਾਲਤਾ ਤੇ
ਸਬਰ-ਸੰਤੋਖ ਦਾ ਸੋਮਾ ਹੈ
ਜਿਸ ਦੀ ਸਾਂਝ ਸਦਕਾ
ਸਾਰਾ ਜਗਤ
ਇਕ ਲੜੀ 'ਚ ਪਰੋਇਆ ਹੈ
ਮਨੁੱਖ
ਮਾਨਵਤਾ ਤੇ ਦੁਨੀਆਂ ਦਾ ਸੱਚ ਹੈ
ਪ੍ਰਕਿਰਤੀ ਤੇ ਕਾਦਰ ਦਾ ਸੱਚ ਹੈ
ਮਾਨਵਤਾ ਪ੍ਰਕਿਰਤੀ ਤੇ ਕਾਦਰ 'ਚ
ਇਸ ਸੱਚ ਦੀ ਇਕਾਈ ਹੈ
ਇਸ ਸੱਚ ਦੇ ਚਾਨਣ 'ਚ
ਸਾਰੀ ਸ੍ਰਿਸ਼ਟੀ ਸਮਾਈ ਹੈ

-0-

ਇਸ ਸੱਚ ਨੂੰ
ਸੰਸਾਰ ਆਪਣੇ ਲਹੂ 'ਚ ਉਤਾਰ ਲਵੇ
ਮਨੁੱਖ ਮਨੁਖਤਾ ਕੁਦਰਤ ਤੇ ਕਾਦਰ
ਵਿਚਲੇ ਪਾੜੇ ਨੂੰ ਮੇਟ ਲਵੇ
ਸਾਰਾ ਵਿਸ਼ਵ
ਆਪਣੇ ਚਾਨਣ 'ਚ ਸਮੇਟ ਲਵੇ
ਚੰਨਾਂ ਸੂਰਜਾਂ ਤਾਰਿਆਂ ਨੂੰ
ਧਰਤੀ ਤੇ ਉਤਾਰ ਲਵੇ
ਆਪਣੇ ਹਨ੍ਹੇਰੇ ਹੂੰਝੇ
ਆਪਣੇ ਵਿਹੜੇਂ ਚਾਨਣ ਖਿਲਾਰ ਲਵੇ
ਦੁਨੀਆਂ ਤੇ ਮਨੁੱਖਤਾ
ਆਪਣਾ ਸੱਚ ਜਾਣਨ ਪਿੱਛੋਂ
ਸੱਚ ਜੀਵੇਗੀ ਸੱਚ ਹੰਢਾਏਗੀ
ਸੱਚ ਦਿੱਸੇਗੀ ਸੱਚ ਕਹਾਏਗੀ

-0-

ਸੱਚ ਦੇ ਚਾਨਣ 'ਚ ਉਤਰ ਜਾਏਗੀ
ਆਪਣੇ ਆਪ 'ਚ ਨੂਰ ਦਾ ਕ੍ਰਿਸ਼ਮਾ
ਚਾਨਣ ਦਾ ਸੋਮਾ ਹੋ ਜਾਏਗੀ
ਨਾ ਮੌਤ ਦਾ ਭੈਅ
ਨਾ ਦੁਨੀਆਂ ਦਾ ਮੋਹ
ਨਾ ਆਪਣਾ ਲਾਲਚ
ਤਿਆਗ ਤੋਂ ਤਿਆਗ ਤੱਕ ਦਾ

ਪੈਂਡਾ ਅਪਣਾਏਗੀ

-0-

ਜੋ ਮਨੁੱਖ ਸਵੈ ਸੱਚ ਨੂੰ ਜਾਣਦਾ ਹੈ
ਮਨੁੱਖਤਾ ਦਾ ਸੱਚ ਪਹਿਚਾਣਦਾ ਹੈ
ਉਹ ਮਨੁੱਖਤਾ ਅਨੁਕੂਲ
ਦੁਨੀਆਂ ਸਿਰਜਦਾ ਹੈ
ਸੁੱਖ ਸ਼ਾਂਤੀ ਖੁਸ਼ਹਾਲੀ ਤੇ ਰੌਣਕ
ਦੁਨੀਆਂ ਦੇ ਵਿਹੜੇ ਛਿੱੜਕਦਾ ਹੈ

-0-

ਕਾਇਆਕਲਪ ਹੋਇਆ
ਮਨੁੱਖੀ ਅਰਥ ਦੱਸਦਾ ਹੈ
ਲੋੜ ਹੈ ਦੁਨੀਆਂ ਦੇ ਹਰ ਸਖ਼ਸ਼ ਨੂੰ
ਆਪਣਾ ਆਪਾ ਉਧੇੜਣ ਦੀ
ਧੋਣ ਦੀ ਨਿਚੋੜਣ ਦੀ
ਸੁਕਾਉਣ ਤੇ ਸਿਊਂਣ ਦੀ
ਆਪਣੇ ਆਪ ਨੂੰ ਪੜ੍ਹਣ ਦੀ
ਆਪਣੇ ਵਿਚਲਾ ਸੱਚ ਜਾਨਣ
ਤੇ ਫੜਣ ਦੀ
ਆਪਣਾ ਕਾਇਆਕਲਪ ਕਰਨ ਦੀ
ਆਪਣੇ ਭੂਤ ਨੂੰ ਵਿਚਾਰ ਕੇ
ਪੁੰਣ ਕੇ ਛਾਣ ਕੇ
ਵਰਤਮਾਨ 'ਚ ਭਵਿੱਖ ਦੇ ਸੂਰਜ ਧਰਨ ਦੀ

-0-

ਜਿੱਥੇ ਮਨੁੱਖ ਦੀ ਪੂਜਾ
ਮਨੁੱਖ ਦਾ ਸਤਿਕਾਰ ਹੋਵੇ
ਨਾ ਕੋਈ ਓਪਰਾ ਨਾ ਅਜ਼ਨਬੀ
ਨਾ ਗ਼ੈਰ ਹੋਵੇ
ਪਰਜਾ ਦੀ ਸਰਕਾਰ ਹੋਵੇ
ਸਰਕਾਰ ਦਾ ਕੰਠ ਹੋਵੇ
ਪਰਜਾ ਦੀ ਆਵਾਜ਼ ਹੋਵੇ
ਲੋਕਾਂ ਨੂੰ ਆਪਣੀ ਜ਼ਿੰਮੇਵਾਰੀ
ਤੇ ਫ਼ਰਜ਼ਾਂ ਦਾ ਅਹਿਸਾਸ ਹੋਵੇ
ਮਨੁੱਖੀ ਲੁੱਟ-ਖਸੁੱਟ ਨਾ ਹੋਵੇ
ਨਿਆਏਂ ਵਿੱਦਿਆ ਗਿਆਨ
ਵਿਗਿਆਨ ਤੇ ਦਰਸ਼ਨ ਦਾ
ਪ੍ਰਚਾਰ ਹੋਵੇ

-0-

ਸਰਕਾਰ
ਲੋਕਾਂ ਦੀ ਸਮਰੱਥਾ ਅਨੁਸਾਰ
ਲੋਕਾਂ ਤੋਂ ਲਵੇ
ਲੋਕਾਂ ਦੀਆਂ ਲੋੜਾਂ ਅਨੁਸਾਰ
ਲੋਕਾਂ ਨੂੰ ਦੇਵੇ
ਕਾਨੂੰਨ ਲੋਕਾਂ ਦੀ ਅਵਾਜ਼ ਹੋਵੇ
ਲੋਕਾਂ ਦਾ ਖ਼ਿਆਲ ਲੋਕਾਂ ਦੀ ਸੰਭਾਲ ਹੋਵੇ

-0-

ਕਾਇਆਕਲਪ ਹੋਇਆ
ਮਨੁੱਖੀ ਅਰਥ ਦੱਸਦਾ ਹੈ
ਵੱਖ ਵੱਖ ਲੋਕ ਆਪਣਾ ਆਪਣਾ
ਸਭਿਆਚਾਰ ਸਭਿਅਤਾ
ਰਸਮਾਂ ਰੀਤਾਂ ਰਿਵਾਜ਼
ਜਿਊਣ ਤੇ ਮਾਨਣ
ਆਪਣੀ ਮਾਂ ਭਾਸ਼ਾ ਵਿਅਕਤੀਗਤ
ਅਧਾਰ ਤੇ
ਲਿਖਣ ਬੋਲਣ ਸੁਣਨ ਤੇ ਜਾਨਣ

-0-

ਪਰ ਵੱਖ ਵੱਖ ਬੋਲੀਆਂ ਦਾ
ਇਕ ਸੱਚ ਹੋਵੇ
ਉਸ ਸੱਚ ਨੂੰ ਉਸਾਰ ਲੈਣ
ਉਸ ਸੱਚ ਦੇ ਸ਼ਬਦ ਤੇ ਅਰਥ
ਵਿਸ਼ਵ ਦੇ ਕੰਠ 'ਚ ਉਤਾਰ ਲੈਣ
ਵਿਸ਼ਵ ਦੇ ਕੰਠ ਚੋਂ
ਇਸ ਮਾਧਿਅਮ ਸੱਚ ਦਾ
ਅਦਾਨ ਪ੍ਰਦਾਨ ਹੋਵੇ
ਇਹ ਵਿਸ਼ਵ ਦੇ ਸਾਂਝੇ ਸੱਚ ਦੀ
ਜ਼ੁਬਾਨ ਹੋਵੇ।

-0-

ਦੁਨੀਆਂ ਨੂੰ ਬਦਲਣ ਨਾਲ
ਦੁਨੀਆਂ ਦਾ ਰੂਪ ਨਹੀਂ ਬਦਲਣਾ
ਕਿਉਂਕਿ
ਦੁਨੀਆਂ ਦੇ ਸਿਰ ਤੋਂ ਪੈਰਾਂ ਤੱਕ
ਕਾਮ ਕ੍ਰੋਧ ਲੋਭ ਮੋਹ ਹੰਕਾਰ ਦਾ ਵਸੇਰਾ ਹੈ
ਲੋੜ ਹੈ ਦੁਨੀਆਂ ਦਾ ਮੁੱਢ ਅਧਾਰ ਤੇ
ਉਸਾਰ ਬਦਲਣ ਦੀ
ਮਨੁੱਖੀ ਸਵੈ ਸੱਚ ਤੇ ਅਧਾਰਤ
ਨਵੀਂ ਦੁਨੀਆਂ ਸਿਰਜਣ ਦੀ
ਤਾਂ ਹੀ ਦੁਨੀਆਂ ਦਾ ਰੂਪ
ਸੱਚ ਸੁੰਦਰਤਾ ਕਲਿਆਣ ਦੀ
ਇਕਾਈ ਹੋ ਸਕਦਾ ਹੈ
ਮਨੁੱਖ ਦੇ ਸੱਚ ਦੀ ਹਾਣੀ ਹੋ ਸਕਦਾ ਹੈ

-0-

ਮਨੁੱਖ ਸਵੈ ਸੱਚ ਤੇ ਅਧਾਰਤ
ਦੁਨੀਆਂ
ਰਿਸ਼ਵਤਖੋਰੀ ਭ੍ਰਿਸ਼ਟਾਚਾਰ
ਤੇ ਅਨਿਆਏ ਰਹਿਤ ਹੋਵੇਗੀ
ਕਿਉਂਕਿ ਮਨੁੱਖੀ ਸਵੈ ਸੱਚ
ਨਿਰੋਲ ਸੱਚ ਤੇ ਅਧਾਰਤ ਹੈ
ਮਾਨਵ ਤੇ ਮਾਨਵਤਾ ਦਾ ਕਰਮ
ਪੁਰਸ਼ਾਰਥ ਹੈ

ਇਸ ਸਵੈ ਸੱਚ ਤੇ
ਮਨੁੱਖ ਦਾ ਅੰਤਰ ਰਾਸ਼ਟਰੀ
ਕਿਰਦਾਰ ਹੋਵੇਗਾ
ਅੰਤਰ ਰਾਸ਼ਟਰੀ
ਮਨੁੱਖੀ ਅਨੁਸ਼ਾਸਨ ਦਾ
ਅਧਾਰ ਹੋਵੇਗਾ

-0-

ਸੱਚਾ ਸੁੱਚਾ ਤੇ ਲੋਕ ਭਲਾਈ ਦਾ
ਵਿਸ਼ਵ ਵਿਓਪਾਰ ਹੋਵੇਗਾ
ਜੁਰਮ ਰਹਿਤ
ਸਮਾਜ ਦੀ ਹੋਂਦ ਹੋਵੇਗੀ
ਸੱਚ ਸੁੰਦਰਤਾ ਤੇ ਕਲਿਆਣ
ਵਿਸ਼ਵ ਗੋਦ ਹੋਵੇਗੀ

-0-

ਮਨੁੱਖ 'ਚ ਮਨੁੱਖ ਦਾ ਵਿਸਥਾਰ ਹੋਵੇਗਾ
ਦਿਆਨਤਦਾਰੀ ਇਮਾਨਦਾਰੀ
ਮਨੁੱਖਤਾ ਦਾ ਧਰਮ ਈਮਾਨ ਹੋਵੇਗਾ
ਨਾ ਕੋਈ ਚੋਰ ਨਾ ਕੋਈ ਸਾਧ
ਇਨਸਾਨ ਸਿਰਫ਼ ਇਨਸਾਨ ਹੋਵੇਗਾ
ਇਨਸਾਨੀਅਤ ਅੰਤ
ਇਨਸਾਨੀਅਤ ਹੀ ਆਦਿ ਹੋਵੇਗਾ

-0-

ਕਾਇਆਕਲਪ ਹੋਇਆ
ਮਨੁੱਖੀ ਅਰਥ ਦੱਸਦਾ ਹੈ
ਹੋਂਦ ਦੇ ਸੱਚ ਦੀ ਪ੍ਰਾਪਤੀ ਲਈ
ਜਿਵੇਂ ਮਨੁੱਖ
ਆਪਣਾ ਮੈਲਾ ਆਪਣਾ ਕੂੜਾ ਧੋਂਦਾ ਹੈ
ਆਪਣੇ ਆਪ ਨੂੰ ਸ਼ੁੱਧ ਤੇ ਸਾਫ਼ ਕਰਦਾ ਹੈ
ਇਸੇ ਤਰ੍ਹਾਂ ਹੀ ਮਨੁੱਖੀ ਪ੍ਰਵਿਰਤੀ ਚੋਂ
ਪ੍ਰਦੂਸ਼ਣ ਰਹਿਤ ਵਿਸ਼ਵ ਦਾ ਉਸਾਰ ਹੋਵੇਗਾ
ਸੱਜਰੀ ਪੌਣ ਅੱਗਣ ਨਾਲ
ਸੱਜਰੀ ਧਰਤ ਸੱਜਰਾ ਆਕਾਸ਼ ਹੋਵੇਗਾ

-0-

ਪ੍ਰਦੂਸ਼ਣ ਰਹਿਤ
ਬੰਦੇ ਲਈ ਰਹਿਣ ਦਾ ਮਾਹੌਲ
ਹੋਵੇਗਾ
ਨਾ ਚੁੱਪ ਹੋਵੇਗੀ ਨਾ ਸ਼ੋਰ ਹੋਵੇਗਾ
ਸੰਤੁਲਨ ਤੇ ਸੰਯਮ
ਜ਼ਿੰਦਗੀ ਦੇ ਕੋਲ ਹੋਵੇਗਾ

-0-

ਵਿਅਕਤੀਗਤ ਤੋਂ
ਸਮੂਹਿਕਤਾ ਤੱਕ ਜਗਦਾ
ਮਨੁੱਖੀ ਅਨੁਸ਼ਾਸਨ ਤੇ ਕਿਰਦਾਰ
ਹੋਵੇਗਾ

ਵਿਸ਼ਵ ਵੰਨ-ਸੁਵੰਨੇ ਰੰਗਾਂ ਫੁੱਲਾਂ
ਮਹਿਕਾਂ ਦਾ ਗੁਲਜ਼ਾਰ ਹੋਵੇਗਾ

-0-

ਮਨੁੱਖ ਦੇ ਚਿਹਰੇ ਤੇ ਹੱਸਦਾ
ਮਨੁੱਖ ਦਾ ਸੱਚ ਹੋਵੇਗਾ
ਮਨੁੱਖਤਾ ਦੇ ਚਿਹਰੇ ਤੇ
ਰੌਣਕਾਂ ਦੇ ਮੌਸਮ ਬਹਾਰ ਹੋਣਗੇ
ਨਜ਼ਰਾਂ 'ਚ ਪਿਆਰ ਦਿਲਾਂ 'ਚ ਇੱਜ਼ਤ
ਸਿਰਾਂ 'ਚ ਸਤਿਕਾਰ ਹੋਣਗੇ
ਜਿਵੇਂ ਕੁਦਰਤੀ ਵਿਭਿੰਨਤਾ 'ਚ
ਕਰਤੇ ਦੀ ਇਕਾਈ ਹੈ
ਇਸ ਤਰ੍ਹਾਂ
ਮਨੁੱਖ ਦੇ ਸਵੈ ਸੱਚ 'ਚ
ਪਰੋਇਆ ਸੰਸਾਰ ਹੋਵੇਗਾ

-0-

ਕਾਇਆਕਲਪ ਹੋਏ
ਮਨੁੱਖੀ ਅਰਥ ਦੀ ਅੱਖ 'ਚ
ਧਰਤੀ ਦੀ ਕੁੱਖ ਹਰਿਆਵਲ ਨਾਲ
ਭਰੀ ਹੋਵੇਗੀ
ਨਾ ਧਰਤੀ ਦੀ ਕੁੱਖ 'ਚ
ਕੋਈ ਅੰਗਿਆਰ ਧਰੇਗਾ
ਨਾ ਅੰਬਰ ਤੋਂ ਹੀ ਬਾਰੂਦ ਦਾ
ਮੀਂਹ ਵਰ੍ਹੇਗਾ

-0-

ਸਮੁੰਦਰ
ਆਪਣੇ ਜਲ ਦੇ ਰਸ ਨੂੰ ਸਿਮਰੇਗਾ
ਨਾ ਸਮੁੰਦਰ 'ਚ
ਬਾਰੂਦ ਪ੍ਰਯੋਗਿਆ ਜਾਵੇਗਾ
ਨਾ ਪੌਣਾਂ ਦਾ ਝੁਲਸਦਾ ਵਜੂਦ ਹੋਵੇਗਾ
ਜੰਗਲ ਦੀ ਦੁਨੀਆਂ ਦੀ ਰਾਖੀ ਦਾ
ਮਨੁੱਖ ਖ਼ੁਦ ਪਹਿਰੇਦਾਰ ਹੋਵੇਗਾ

-0-

ਵਿੱਦਿਆ ਦਾ ਨੂਰ ਫੈਲੇਗਾ
ਹਰ ਮਾਨਵ ਦੇ ਅੰਦਰ
ਰਹਿਮਤਾਂ ਨਿਹਮਤਾਂ ਵੰਡਦੀ
ਬਹਾਰ ਹੋਵੇਗੀ
ਸ਼ੀਸ਼ੇ ਦੀ ਦੁਨੀਆਂ ਚਾਨਣ 'ਚ ਨਹਾਏਗੀ
ਪੱਥਰਾਂ ਦੇ ਸੀਨੇ ਚੋਂ ਜਨਮੀ
ਸਮੇਂ ਦੀ ਚਾਲ ਹੋਵੇਗੀ
ਐਸਾ ਮਾਹੌਲ ਹੋਵੇਗਾ
ਕਿ ਕਬਰਾਂ ਦੇ ਵਿਹੜੇ
ਜ਼ਿੰਦਗੀ ਆਬਾਦ ਹੋਵੇਗੀ
ਮਾਨਵ ਸਵੈ ਸੱਚ ਦੀ ਭਾਸ਼ਾ
ਲਿਖੀ ਬੋਲੀ ਸੁਣੀ ਤੇ ਪੜ੍ਹੀ ਜਾਵੇਗੀ
ਜ਼ਿੰਦਗੀ ਦੀ ਤਲੀ ਤੇ
ਮਨੁੱਖਾਂ ਅਨੁਕੂਲ ਦੁਨੀਆਂ ਧਰੀ
ਜਾਵੇਗੀ

-0-

ਸੱਚ ਬੀਜਿਆ ਉੱਗਾਇਆ
ਫੈਲਾਇਆ ਤੇ ਵਿਸਥਾਰਿਆ ਜਾਏਗਾ
ਸ਼ੀਸ਼ੇ ਦੀਆਂ ਕੰਧਾਂ ਤੇ ਛੱਤਾਂ ਵਿਹੜੇ
ਹੱਸਦਾ ਸੰਸਾਰ ਨਜ਼ਰ ਆਏਗਾ
ਨਾ ਲਾਲਚ ਕੰਧਾਂ ਤੋਂ ਝਾਕੇਗਾ
ਹਰ ਘਰ ਦਾ ਚੁੱਲ੍ਹਾ ਬੱਲੇਗਾ
ਹਰ ਕੋਠੀ ਅਨਾਜ ਨਾਲ ਭਰੇਗੀ

-0-

ਨਾ ਮਜ਼ਦੂਰੀ ਦੀ ਘਾਟ
ਨਾ ਬੇਰੁਜ਼ਗਾਰੀ ਦਾ ਹੜ੍ਹ ਹੋਵੇਗਾ
ਵਿਹੜੇ 'ਚ ਹੋਵੇਗੀ ਰਿਜ਼ਕ ਦੀ ਵਰਖਾ
ਹਰ ਘਰ ਦੇ ਮੱਥੇ ਚਮਕਦਾ ਚੰਨ ਹੋਵੇਗਾ
ਉਦਾਸੀਆਂ ਬੇਰੌਣਕਾਂ ਉਜਾੜਾਂ
ਪਤਝੱੜਾਂ ਹੋਣਗੀਆਂ ਬਨਵਾਸੀ
ਘਰਾਂ ਵਿਚ ਖੁਸ਼ੀਆਂ ਦਾ ਸਿਲਸਿਲਾ
ਧਨ ਧਨ ਹੋਵੇਗਾ
ਹਾਸੇ ਸੜਕੀਂ ਬਾਜ਼ਾਰੀਂ ਗਲੀਆਂ
ਚੌਕਾਂ 'ਚ ਖਿਲਰਣਗੇ
ਹਰ ਚਿਹਰੇ ਤੇ
ਬਹਾਰਾਂ ਦੀ ਝਲਕਾਰ ਹੋਵੇਗੀ

ਹਰ ਘਰ ਦੀਆਂ ਤਲੀਆਂ ਤੇ
ਨੱਚਦੀ ਬਹਾਰ ਹੋਵੇਗੀ
ਮਨੁੱਖ ਜੇ ਹੋਂਦ ਦਾ ਸੱਚ ਜਾਣ ਸਕਦਾ ਹੈ
ਤਾਂ ਮਾਨਵਤਾ ਦੇ ਮਨ ਦੀ ਦੁਨੀਆਂ
ਧਰਤ ਤੇ ਉਸਾਰ ਸਕਦਾ ਹੈ

-0-

ਸਰਘੀ ਜੱਪੁਜੀ ਦਾ ਰਸ
ਕੰਨਾਂ 'ਚ ਘੋਲੇਗੀ
ਤ੍ਰਕਾਲੀਂ ਰਹਿਰਾਸ ਦੇ ਅੰਮ੍ਰਿਤ ਦੀ
ਬਰਸਾਤ ਹੋਵੇਗੀ
ਕਰਤੇ ਦਾ ਬੋਲ ਗੂੰਜੇਗਾ
ਸਾਰੀ ਦੁਨੀਆਂ ਤੇ ਸ੍ਰਿਸ਼ਟੀ
ਕਰਤਾ ਦੀ ਜ਼ਾਤ ਹੋਵੇਗੀ

-0-

ਕਾਇਆਕਲਪ ਹੋਏ
ਮਨੁੱਖੀ ਅਰਥ ਦੀ ਅੱਖ 'ਚ
ਖ਼ੁਦੀ ਨੂੰ ਮੇਟ ਕੇ ਮਾਨਵ
ਖ਼ੁਦਾਈ 'ਚ ਖ਼ੁਸ਼ੀਆਂ ਘੋਲ ਸਕਦਾ ਹੈ
ਮਾਰ ਕੇ ਆਪਣੀ ਮੈਂ ਨੂੰ
ਤੂੰ ਚੋਂ ਬੋਲ ਸਕਦਾ ਹੈ
ਸੁੰਦਰਤਾ ਵੰਡ ਸਕਦਾ ਹੈ
ਵਿਸ਼ਵ ਦੇ ਪਿੰਡੇ ਚੋਂ ਕਾਲਖ ਨਿਚੋੜ
ਸਕਦਾ ਹੈ

-0-

ਪਿਆਰ ਤੇ ਸਾਂਝੀਵਾਲਤਾ ਦਾ
ਬੋਲਬਾਲਾ ਹੋਵੇਗਾ
ਲੋਕਾਈ ਸਰਬੱਤ ਦਾ ਭਲਾ ਮੰਗੇਗੀ
ਦਸਾਂ ਨੌਹਾਂ ਦੀ ਕਿਰਤ ਕਰੇਗੀ
ਵੰਡ ਛਕੇਗੀ
ਲਗਨ ਦੇ ਰਾਹ
ਵਿਸ਼ਵਾਸ ਦੀਆਂ ਮੰਜ਼ਿਲਾਂ ਤੇ
ਮੁੱਕਣਗੇ
ਧੋਖਾ ਫ਼ਰੇਬ ਦਗ਼ਾਬਾਜ਼ੀ
ਨਾ ਕਿੱਧਰੇ ਢੁੱਕਣਗੇ
ਕੁਦਰਤ ਦਾ ਨਿੱਘ ਮਨੁੱਖ ਤੇ
ਮਨੁੱਖਤਾ ਹੰਢਾਉਂਦੇ ਰਹਿਣਗੇ
ਨਵੇਂ ਖ਼ਿਆਲ
ਜ਼ਿੰਦਗੀ ਬੁਣਦੀ ਰਹੇਗੀ
ਨਵੇਂ ਦਿਸਹੱਦੇ ਉਪਜਦੇ ਰਹਿਣਗੇ

-0-

ਮਨੁੱਖੀ ਅੰਸ਼ ਦੀ
ਜਨਮ ਤੋਂ ਮਰਨ ਤਕ ਦੀ ਜ਼ਿੰਮੇਂਵਾਰੀ
ਸਰਕਾਰ ਦੀ ਹੋਵੇ
ਸਵੱਸਥ ਬਚਪਨ ਹੰਢਾਏ ਮਨੁੱਖ
ਜੁਆਨੀ ਹੁਲਾਸ ਤੇ ਬਹਾਰ ਦੀ ਹੋਵੇ
ਬੁਢਾਪਾ ਆਰਾਮ ਦਾ ਗੁਜ਼ਰੇ
ਸਫ਼ਰ ਜ਼ਿੰਦਗੀ ਦਾ

ਸੱਜਰੀ ਸੁਬ੍ਹਾ ਵਾਂਗ ਸ਼ੁਰੂ ਹੋਕੇ
ਖ਼ਤਮ ਸਹਿਜ ਢਲਦੀ ਸ਼ਾਮ ਦਾ ਹੋਵੇ
ਚੜ੍ਹੇ ਤਾਂ ਚੜ੍ਹੇ ਦਿਨ ਸਨਮਾਨ ਦਾ
ਗੁਜ਼ਰੇ ਤਾਂ ਗੁਜ਼ਰੇ ਰਾਤ
ਅਮਨ ਅਮਾਨ ਦੀ

-0-

ਬੰਦੇ ਦੇ ਸਵੈ ਸੱਚ ਦਾ ਰੂਪ
ਬੰਦਾ ਆਪ ਹੋਵੇਗਾ
ਬੰਦੇ ਦੀਆਂ ਰਹਿਮਤਾਂ ਨਿਹਮਤਾਂ ਦਾ
ਸ਼ੁਕਰ ਗੁਜ਼ਾਰ ਬੰਦਾ ਆਪ ਹੋਵੇਗਾ
ਜਿਸਦੇ ਕਾਇਆਕਲਪ ਦੇ
ਅਰਥ ਨੇ
ਜ਼ਿੰਦਗੀ ਨੂੰ ਸੱਚ ਵਿਖਾਇਆ ਹੈ
ਬੰਦੇ ਚੋਂ
ਬੰਦੇ ਦਾ ਜੰਗਲੀਪਣ ਮਾਰ ਕੇ
ਬੰਦੇ ਚੋਂ ਕਲਿਆਣ ਦਾ ਰੁੱਖ ਉੱਗਾਇਆ ਹੈ

-0-

ਮਨੁੱਖ
ਆਪਣੇ ਲਹੂ ਨਾਲ ਸਿੰਜੇਗਾ
ਦੁਨੀਆਂ ਤੇ ਮਨੁੱਖਤਾ ਨੂੰ
ਜਿਸ ਚੋਂ ਮਨੁੱਖ ਨੂੰ ਆਪਾ
ਨਜ਼ਰੀਂ ਆਇਆ ਹੈ

ਆਪਣੇ ਦੁਆਲੇ ਵੰਡੇਗਾ
ਬੁੱਕਾਂ ਭਰ ਭਰ ਚਾਨਣ
ਧਰਤੀ ਤੇ ਬੀਜੇਗਾ ਰੁੱਖ ਉਜਾਲੇ ਦੇ
ਮੰਦਰੀਂ ਮਸੀਤੀਂ ਠਾਕੁਰ ਦੁਆਰੇ
ਗਿਰਜਾਘਰਾਂ 'ਚ
ਰੱਬੀ ਬੋਲਾਂ ਦੀ ਮਹਿਕ ਹੋਵੇਗੀ
ਮਾਹੌਲ ਵਿਸ਼ਵ ਦਾ ਰਮਣੀਕ ਤੇ
ਖ਼ੁਸ਼ਗੁਆਰ ਹੋਵੇਗਾ
ਹਰ ਇਕ ਸਖ਼ਸ਼ ਨੂੰ ਚਾਨਣ ਵਿਚ
ਕਾਦਰ ਦਾ ਦੀਦਾਰ ਹੋਵੇਗਾ

-0-

ਸੱਚ ਦੀ ਖ਼ੁਸ਼ਬੂ
ਧਰਤੀਆਂ ਆਕਾਸ਼ਾਂ ਪ੍ਰਕਿਰਤੀਆਂ 'ਚ
ਖਿਲਰ ਜਾਏਗੀ
ਜੈ ਜੈ ਮਨੁੱਖ ਦੀ ਹੋਵੇਗੀ
ਜਿੱਧਰ ਵੀ ਨਜ਼ਰ ਜਾਏਗੀ
ਮਨੁੱਖੀ ਕਰਮ ਦਾ ਨੂਰ
ਵਿਸ਼ਵ ਤੇ ਛਾਅ ਜਾਏਗਾ
ਛੱਡ ਕੇ ਆਪਣੀ ਦੁਨੀਆਂ
ਰੱਬ ਵੀ ਧਰਤੀ ਤੇ ਆ ਜਾਏਗਾ
ਵਿਸ਼ਵ 'ਚ ਸ਼ਾਂਤੀ ਤੇ ਸਕੂਨ ਵਰਤੇਗਾ

ਮਨੁੱਖੀ ਪ੍ਰਵਚਨਾਂ ਦਾ ਅੰਮ੍ਰਿਤ
ਦੁਨਿਆਵੀ ਰਸਨਾਂ 'ਚ ਘੁਲ ਜਾਏਗਾ

-0-

ਸਮੁੰਦਰ ਚਾਂਦਨੀ ਦਾ
ਧਰਤੀ ਵਿਹੜੇ ਡੁੱਲ੍ਹੇਗਾ
ਹਰ ਦਰਵਾਜ਼ਾ ਵਿਸ਼ਵ ਦਾ
ਮਾਨਵਤਾ ਲਈ ਖੁੱਲ੍ਹ ਜਾਏਗਾ
ਜਿਸ ਵਿਸ਼ਵ ਦੀ
ਨਾ ਕੋਈ ਸਰਹੱਦ ਨਾ ਬੰਨਾਂ
ਨਾ ਕੋਈ ਸੈਨਾ ਨਾ ਕਾਨੂੰਨ ਹੀ ਅੰਨ੍ਹਾਂ
ਇਹ ਵਿਸ਼ਵ
ਆਪਣੀ ਸਰਹੱਦ ਬੰਨਾਂ ਆਪ ਹੈ
ਕਾਨੂੰਨ ਆਪ ਹੈ
ਕਾਨੂੰਨ ਦੀ ਪਹਿਰੇਦਾਰ ਆਪ ਹੈ
ਜਦ ਚੋਰ ਨਹੀਂ ਦੁਸ਼ਮਣ ਨਹੀਂ
ਤਾਂ ਰਾਖੀ ਦੀ ਕੀ ਲੋੜ ਹੈ

-0-

ਵਿਸ਼ਵ ਦਾ ਕਾਰੋਬਾਰ
ਦਿਆਨਤਦਾਰੀ ਹੈ
ਇਹ ਵਿਸ਼ਵ
ਸੱਚ ਸੁੰਦਰਤਾ ਤੇ ਕਲਿਆਣ ਦੀ
ਮਨੁੱਖ ਆਪਣੇ ਸਵੈ ਸੱਚ ਤੋਂ ਉਸਾਰੀ ਹੈ

ਜਿੱਥੇ ਕਾਨੂੰਨ ਪਰਜਾ ਹੈ
ਸਰਕਾਰ ਪਰਜਾ ਹੈ
ਪਰਜਾ ਸਰਕਾਰ ਦੇ ਅੰਦਰ ਵੀ ਹੈ
ਬਾਹਰ ਵੀ ਹੈ
ਸਮਾਜਕ ਝਗੜਿਆਂ ਦਾ ਫੈਸਲਾ
ਪਰਜਾ ਦੀ ਕਚਹਿਰੀ ਹੈ
ਜਿੱਥੇ ਗਵਾਹ ਸੱਚ ਹੈ ਜੁਰਮ ਸੱਚ ਹੈ
ਨਿਆਂ ਸੱਚ ਹੈ

-0-

ਕਾਇਆਕਲਪ
ਮਨੁੱਖੀ ਅਰਥ ਦੀ ਨਜ਼ਰ 'ਚ
ਮਨੁੱਖੀ ਜ਼ਿੰਦਗੀ ਦੀ ਤਲੀ ਤੇ
ਜ਼ਿੰਦਗੀ ਦਾ ਸੱਚ ਧਰੇਗਾ
ਐਸਾ
ਸਮਾਜਕ ਰਾਜਨੀਤਕ ਆਰਥਕ
ਤੇ ਧਾਰਮਿਕ ਢਾਂਚਾ ਘੜੇਗਾ
ਜੋ ਮਨੁੱਖਤਾ ਦੀ ਹਿੱਤਕਾਰੀ ਹੋਵੇ
ਜਿਸਨੇ ਮਨੁੱਖਤਾ
ਆਪਣੇ ਲਹੂ ਤੇ ਸਾਹਾਂ 'ਚ ਉਤਾਰੀ ਹੋਵੇ

-0-

ਸਮਾਜ ਮਨੁੱਖ ਨੂੰ
ਸ਼ਾਂਤਮਈ ਤੇ ਸਕੂਨ ਭਰਪੂਰ
ਜੀਵਨ ਪ੍ਰਦਾਨ ਕਰੇ
ਹਰ ਘਰ ਦਾ ਚੁੱਲ੍ਹਾ ਬਲੇਗਾ
ਹਰ ਘਰ ਦੇ ਵਿਹੜੇ
ਰੌਣਕਾਂ ਖ਼ੁਸ਼ੀਆਂ ਧਰੇਗਾ
ਮਨੁੱਖੀ ਰਿਸ਼ਤਿਆਂ ਦੀ ਪਹਿਚਾਣ
ਹੋਵੇਗੀ
ਹਰ ਰੰਗ ਹਰ ਜ਼ਾਤ ਹਰ ਧਰਮ ਦਾ ਫੁੱਲ
ਇਸ ਵਿਸ਼ਵ ਦੀ ਸਿਆਣ ਹੋਵੇਗੀ

-0-

ਸਮਾਜ
ਜਦ ਵੀ ਮਨੁੱਖ ਨੂੰ ਮਿਲੇ
ਆਪਣਾ ਸਮਝਕੇ ਮਿਲੇ
ਆਪਣਾ ਆਪ ਮਨੁੱਖ 'ਚ ਧਰੇ
ਮਨੁੱਖ ਦੀ ਦ੍ਰਿਸ਼ਟੀ ਤੋਂ
ਮਨੁੱਖ ਦੀਆਂ ਔਕੜਾਂ ਮੁਸੀਬਤਾਂ
ਰੁਕਾਵਟਾਂ ਦਾ ਸਮਾਧਾਨ ਕਰੇ
ਮਨੁੱਖ ਸਮਾਜ ਨੂੰ ਸਮਝੇ
ਸਮਾਜ ਮਨੁੱਖ ਨੂੰ ਸਮਝੇ
ਜੀਵਨ ਸਫ਼ਰ ਤਹਿ ਹੋਵੇ
ਦੋਹਾਂ ਦੇ ਕਦਮਾਂ ਸੰਗ ਰਲਕੇ

-0-

ਆਰਥਕ ਪ੍ਰਣਾਲੀ
ਮਨੁੱਖ ਨੂੰ ਉਸ ਦੀ ਹਰ ਸਹੂਲਤ
ਮੁਹੱਈਆ ਕਰੇ
ਮਨੁੱਖੀ ਜੀਵਨ ਦੀਆਂ
ਰੋਜ਼ਾਨਾ ਜ਼ਰੂਰਤਾਂ ਪੂਰੀਆਂ ਕਰੇ
ਆਰਥਿਕਤਾ ਹੀ
ਮਨੁੱਖੀ ਜੀਵਨ ਦੀ ਖ਼ੁਸ਼ੀ ਦੀ ਕੁੱਖ ਹੈ
ਰੌਣਕਾਂ ਦਾ ਰੁੱਖ ਹੈ
ਖ਼ੁਸ਼ੀਆਂ ਦਾ ਖਜ਼ਾਨਾ ਹੈ
ਆਰਥਿਕਤਾ ਦੇ ਸਿਰ ਤੇ
ਹੱਸਦਾ ਵੱਸਦਾ ਜ਼ਮਾਨਾ ਹੈ

-0-

ਆਰਥਿਕ ਤਸੱਲੀ ਤੋਂ ਬਿਨਾਂ
ਜ਼ਿੰਦਗੀ ਵੀਰਾਨ ਹੈ
ਕਬਰਾਂ ਦਾ ਜਹਾਨ ਹੈ
ਮਨੁੱਖ ਨੂੰ ਵਿੱਦਿਆ ਪ੍ਰਾਪਤੀ 'ਚ
ਜੀਵਨ ਗੁਜ਼ਾਰਨ 'ਚ
ਆਪਣਾ ਭਵਿੱਖ ਉਸਾਰਨ 'ਚ
ਆਰਥਿਕ ਘਾਟ ਨਾ ਹੋਵੇ
ਮਨੁੱਖ ਨੂੰ ਅਹਿਸਾਸ ਨਾ ਹੋਵੇ
ਕਿ ਕੁੱਝ ਵੀ

ਉਸਦੀ ਔਕਾਤ ਤੋਂ ਬਾਹਰ ਹੈ
ਜੀਵਨ ਗੁਜ਼ਾਰਨ ਲਈ
ਉਸ ਲਈ ਮਹਿੰਗਾ
ਜ਼ਿੰਦਗੀ ਦਾ ਬਜ਼ਾਰ ਹੈ

–0–

ਆਰਥਿਕਤਾ ਦੀ ਵੰਡ
ਤਕਰੀਬਨ ਬਰਾਬਰਤਾ ਦੇ ਆਧਾਰ ਤੇ ਹੋਵੇ
ਉਨ੍ਹੀਂ ਇੱਕੀ ਦਾ ਆਰਥਿਕ ਪਾੜਾ
ਮਨੁੱਖ ਤੋਂ ਮਨੁੱਖ ਵਿਚਕਾਰ ਹੋਵੇ
ਸਰਕਾਰ ਤੇ ਲੋਕਾਂ ਦੀ ਦੇਣ ਲੈਣ
ਲੋਕ ਸਮਰੱਥਾ ਤੇ
ਲੋਕ ਜ਼ਰੂਰਤਾਂ ਦਾ ਆਧਾਰ ਹੋਵੇ

–0–

ਰਾਜਨੀਤੀ
ਹਰ ਮਨੁੱਖ ਲਈ
ਉਸਦੀ ਤਰੱਕੀ ਉਸਦੇ ਉਸਾਰ
ਉਸਦੇ ਵਿਸਥਾਰ ਲਈ
ਦਰ ਖੋਲ੍ਹਦੀ ਚਲੀ ਜਾਵੇ
ਇਨਸਾਫ਼ ਦੀ ਤੱਕੜੀ 'ਚ
ਮਨੁੱਖ ਨੂੰ ਤੋਲਦੀ ਚਲੀ ਜਾਵੇ
ਰਾਜਨੀਤਕ ਵਜ਼ੂਦ 'ਚ ਜਨਤਾ ਦਾ ਲਹੂ
ਰਾਜਨੀਤਕ ਕੰਠ 'ਚ
ਜਨਤਾ ਦੀ ਆਵਾਜ਼ ਹੋਵੇ

ਜੇ ਸੁਰ ਰਾਜਨੀਤੀ ਹੈ
ਤਾਂ ਜਨਤਾ ਇਸ ਸੁਰ ਦਾ ਸਾਜ਼ ਹੋਵੇ

-0-

ਮਨੁੱਖ ਦਾ ਜੀਵਨ ਪੱਧਰ
ਮਨੁੱਖ ਦੀ ਸੁਰੱਖ਼ਸ਼ਾ
ਮਨੁੱਖ ਦੇ ਵਰਤਮਾਨ ਤੇ ਭਵਿੱਖ 'ਚ
ਰਾਜਨੀਤੀ ਚਾਨਣ ਕਰਦੀ ਰਹੇ
ਮਨੁੱਖੀ ਹਨ੍ਹੇਰਿਆਂ ਰਾਹਾਂ 'ਚ
ਸੂਰਜ ਧਰਦੀ ਰਹੇ

-0-

ਰਾਜਨੀਤੀ
ਮਨੁੱਖ ਦੇ ਪੈਰਾਂ ਹੇਠ
ਆਪਣੇ ਹੱਥ ਧਰਦੀ ਰਹੇ
ਤਾਂ ਕਿ ਵਿਸ਼ਵ ਮੰਚ ਤੇ
ਮਨੁੱਖ ਆਰਥਿਕ ਤੇ ਰਾਜਨੀਤਕ ਜੀਵਨ
ਸ਼ਾਤਮਈ ਢੰਗ ਨਾਲ ਗੁਜ਼ਾਰ ਸਕੇ
ਆਪਣੇ ਆਪ ਨੂੰ ਆਪਣੀਆਂ
ਉੱਚਾਈਆਂ 'ਚ ਉਤਾਰ ਸਕੇ

-0-

ਕਾਇਆਕਲਪ
ਮਨੁੱਖੀ ਅਰਥ ਦੀ ਨਜ਼ਰ 'ਚ

ਮਨੁੱਖ ਸੰਤੁਸ਼ਟਤਾ ਭਰਪੂਰ
ਜੀਵਨ ਗੁਜ਼ਾਰੇਗਾ
ਤ੍ਰਿਪਤੀ ਸਬਰ ਤੇ ਸੰਤੋਖ
ਦੁਨੀਆਂ ਨੂੰ ਮੋੜੇਗਾ
ਦੁਨੀਆਂ ਰਹਿਮਤਾਂ ਤੇ ਨਿਹਮਤਾਂ
ਨਾਲ ਭਰ ਜਾਏਗੀ
ਦੁਨੀਆਂ ਸੁੰਦਰ ਤੇ ਰਿਸ਼ਟ-ਪੁਸ਼ਟ
ਕਹਾਏਗੀ

-0-

ਏਕਤਾ ਤੇ ਸਾਂਝੀਵਾਲਤਾ ਦੀ ਪੌਣ
ਦੁਨੀਆਂ 'ਚ ਵਗੇਗੀ
ਚੰਨਾਂ ਸੂਰਜਾਂ ਤਾਰਿਆਂ ਵਾਂਗ
ਧਰਤੀ ਜਗੇਗੀ
ਮਨੁੱਖਤਾ ਦੇ ਸੱਚ ਦਾ ਨੂਰ
ਧਰਤੀ ਦੇ ਗੋਸ਼ੇ ਗੋਸ਼ੇ ਚੋਂ
ਨਜ਼ਰ ਆਏਗਾ
ਧਰਤੀ ਵਿਹੜੇ
ਆਪਣੀ ਸਮੱਗਰੀ ਸਮੇਤ
ਗਗਨ ਉਤਰ ਆਏਗਾ

-0-

ਰੱਬੀ ਰਹਿਮਤਾਂ ਦੇ ਨਾਲ
ਧਰਤੀ ਭਰੇਗੀ

ਮਾਨਵ ਦੇ ਮਨ ਮੰਦਰ ਅੰਦਰ
ਮਾਨਵਤਾ ਦੇ ਸੱਚ ਦੀ ਜੋਤ ਜਗੇਗੀ
ਜੋਤ ਦਾ ਪ੍ਰਕਾਸ਼ ਪੌਣਾਂ 'ਚ ਰਲੇਗਾ
ਕੁੱਲ ਬ੍ਰਹਿਮੰਡ ਦਾ ਵਜ਼ੂਦ
ਮਹਿਕੇਗਾ
ਦੁਨੀਆਂ ਦੀ ਹੋਂਦ ਦਾ ਸੱਚ
ਦੁਨੀਆਂ ਦੀ ਤਲੀ ਤੇ ਧਰੇਗਾ
ਸੂਰਜਾਂ ਦੇ ਕਾਫ਼ਲੇ
ਮਾਨਵਤਾ ਦੇ ਰਾਹ 'ਚ ਤੁਰਨਗੇ
ਧਰਤੀ ਦੀ ਹਿੱਕ ਤੇ
ਚਾਨਣ ਦੇ ਦਰਿਆ ਵੱਗਣਗੇ

-0-

ਮਨੁੱਖਤਾ
ਆਪਣੇ ਸੱਚ ਦਾ ਯਥਾਰਥ ਹੰਢਾਏਗੀ
ਆਪਣੇ ਆਪ ਤੋਂ ਆਪਣਾ ਪਿੰਡਾ
ਉਤਾਰੇਗੀ
ਕਾਦਰ ਦੇ ਨੂਰ 'ਚ ਉਤਰ ਜਾਏਗੀ
ਦੇਹ ਤੋਂ ਉੱਠੇਗੀ
ਨੂਰ ਦਾ ਨੂਰ ਕਹਾਏਗੀ
ਆਪਣਾ ਸਿਰਜਣਾਤਮਕ
ਰੂਪ ਪਾਏਗੀ
ਬ੍ਰਹਿਮੰਡਾਂ ਧਰਤੀਆਂ ਪਤਾਲਾਂ ਦੀ

ਸਿਰਜਕ ਕਹਾਏਗੀ

-0-

ਆਪਣੀ ਸਿਰਜਣਾ ਨੂੰ ਤੱਕੇਗੀ
ਮੁਸਕਰਾਏਗੀ
ਆਪਣੀ ਰਜ਼ਾ 'ਚ ਚਲਦਾ
ਕੁੱਲ ਸੰਸਾਰ ਪਾਏਗੀ
ਸੱਚ ਖੰਡ ਦੀ ਦੁਨੀਆਂ
ਇਹ ਧਰਤ ਹੋ ਜਾਏਗੀ
ਆਪਣੇ ਸੱਚ ਦਾ ਅਕਾਰ
ਤੇ ਵਿਕਾਰ ਤੱਕੇਗੀ
ਚਾਂਦੀ ਦੀ ਧਰਤ ਪੈਰਾਂ 'ਚ
ਸੋਨੇ ਦਾ ਅੰਬਰ ਸਿਰ ਤੇ ਰੱਖੇਗੀ
ਚਾਨਣ ਦੇ ਰੁੱਖ ਧਰਤੀ ਤੇ ਉੱਗਾਏਗੀ
ਤਾਂਬੇ ਦੀਆਂ ਛਾਵਾਂ
ਪਿੱਤਲ ਦੀਆਂ ਧੁੱਪਾਂ ਹੰਢਾਏਗੀ

-0-

ਸੋਨੇ ਦੀਆਂ ਕਿਰਨਾਂ
ਸੂਰਜ ਖਲੇਰੇਗਾ
ਦਯਾ ਸਬਰ-ਸੰਤੋਖ ਦੀ
ਸਰਗ਼ਮ ਛੇੜੇਗਾ
ਸਾਗਰ ਪਿਆਰ ਦੀਆਂ ਛੱਲਾਂ ਸੰਗ
ਧਰਤੀ ਸਿੰਜੇਗਾ

ਅੰਬਰ ਰਹਿਮਤਾਂ ਤੇ ਨਿਹਮਤਾਂ ਦੇ
ਮੀਂਹ ਬਰਸਾਏਗਾ
ਮਾਨਵਤਾ ਦੁਨੀਆਂ ਤੇ ਧਰਤ ਦਾ
ਜਿਸਮ ਭਿੱਜੇਗਾ
ਮੌਸਮ ਅੱਲ੍ਹਾ ਦੇ ਨਾਂ ਦਾ ਰਾਗ ਛੇੜਨਗੇ
ਕੁਦਰਤ ਚਾਨਣ 'ਚ ਨਹਾਏਗੀ
ਆਪਣੇ ਸੱਚ ਦੀ ਪ੍ਰਕਰਮਾ ਕਰੇਗੀ
ਸੱਚ ਸਿਮਰੇਗੀ ਧਿਆਏਗੀ

-0-

ਕਾਇਆਕਲਪ
ਮਨੁੱਖੀ ਅਰਥ ਦੀ ਸੋਚ 'ਚ
ਆਪਣਾ ਸੱਚ ਜਾਣਨ ਤੋਂ ਬਿਨਾਂ
ਮਾਨਵਤਾ ਸੱਖਣੀ ਹੈ
ਦੁਨੀਆਂ ਅਧੂਰੀ ਹੈ
ਪਿਆਰ ਸ਼ਾਂਤੀ
ਦੁਨੀਆਂ ਤੋਂ ਕੋਹਾਂ ਦੂਰ ਹਨ
ਮਾਨਵਤਾ ਲਈ ਆਪਣਾ ਸੱਚ
ਸਮਝਣ 'ਚ ਹੀ
ਨਵ-ਯੁੱਗ ਨਵ-ਦੁਨੀਆਂ
ਨਵ-ਸਮਾਜਕ ਵਿਸ਼ਵ ਦਾ ਅੰਕੁਰ ਹੈ
ਮਨੁੱਖ ਸਵੈ ਤੇ ਕਰਤਾ ਦੀ ਸਾਂਝ ਹੈ
ਵਿਸ਼ਵ ਘਰ ਦੀ ਬਣਤਰ ਹੈ

-0-

ਇਹ ਸਾਂਝ ਪਰਜਾ ਹੈ ਸਰਕਾਰ ਹੈ
ਇਹ ਸਾਂਝ ਵਿਸ਼ਵ ਦਾ ਕਾਰੋਬਾਰ ਹੈ
ਵਿਸ਼ਵ ਪ੍ਰਣਾਲੀ ਦੇ ਵੱਖ ਵੱਖ ਭਾਗਾਂ ਦੀ
ਨਿਸ਼ਕਾਮਤਾ ਹੈ ਤਿਆਗ਼ ਹੈ
ਇਹ ਸਾਂਝ ਹੀ
ਸਮਾਜ ਰਾਜਨੀਤੀ ਆਰਥਿਕਤਾ
ਧਰਮ ਦਾ ਅਧਾਰ ਹੈ
ਇਹ ਸਾਂਝ ਹੀ
ਨਵ-ਯੁੱਗ ਨਵ-ਵਿਸ਼ਵ ਦੀ ਸਿਰਜਣਾ ਹੈ
ਇਸ ਸਾਂਝ ਚੋਂ ਹੀ
ਨਵ-ਵਿਸ਼ਵ ਦਾ ਸੂਰਜ ਚੜ੍ਹੇਗਾ
ਇਸ ਸਾਂਝ ਚੋਂ ਹੀ
ਨਵ-ਵਿਸ਼ਵ ਦਾ ਵਜ਼ੂਦ ਢਲੇਗਾ

-0-

ਇਸ ਸਾਂਝ ਚੋਂ ਹੀ
ਸਮਾਜ ਤੇ ਸੰਵਿਧਾਨ ਦੇ
ਅਸੂਲਾਂ ਦਾ ਨਿਰਮਾਣ ਹੋਵੇਗਾ
ਇਹ ਸਾਂਝ ਹੀ
ਪਰਜਾ ਦੀ ਸ਼ਕਤੀ ਚਿਹਰਾ ਤੇ ਤਲ ਹੈ
ਇਹ ਸਾਂਝ ਹੀ
ਸਰਕਾਰੀ ਰਾਜਨੀਤਕ ਸਮਾਜਕ

ਤੇ ਆਰਥਕ ਢਾਂਚੇ ਦਾ ਬਲ ਹੈ
ਇਹ ਸਾਂਝ ਹੀ
ਵਿਸ਼ਵ ਦੇ ਸੱਚ ਦਾ ਅਧਾਰ ਹੈ
ਵਜ਼ੂਦ ਹੈ ਵਿਸਥਾਰ ਹੈ

-0-

ਇਹ ਸਾਂਝ ਹੀ
ਵਿਸ਼ਵ ਪਿਆਰ ਸਾਂਝੀਵਾਲਤਾ
ਤਿਆਗ਼ ਏਕਤਾ ਸਬਰ-ਸੰਤੋਖ
ਤੇ ਨਿਸ਼ਕਾਮਤਾ ਦਾ ਸੋਮਾ ਹੈ
ਇਹ ਸਾਂਝ ਹੀ
ਦੁਨੀਆਂ ਮਾਨਵਤਾ ਪ੍ਰਕਿਰਤੀ
ਤੇ ਬ੍ਰਹਿਮੰਡ ਦਾ ਅਧਾਰ ਹੈ
ਇਹ ਸਾਂਝ ਹੀ ਕਾਇਆਨਾਤ ਦਾ ਪ੍ਰਾਣ ਹੈ
ਜਾਨ ਹੈ

-0-

ਇਸ ਸਾਂਝ ਨੂੰ
ਧਰਤੀ ਤੇ ਬੀਜਣਾ ਜ਼ਰੂਰੀ ਹੈ
ਘਰ ਘਰ ਦਾ ਵਜ਼ੂਦ
ਇਸਦਾ ਅਧਾਰ ਹੈ
ਇਹ ਸਾਂਝ ਸੱਚ ਦੀ
ਮੌਤ ਤੋਂ ਪਹਿਲਾਂ ਵੀ ਹੈ
ਮੌਤ ਤੋਂ ਪਿੱਛੋਂ ਵੀ ਹੈ

ਇਹ ਸਾਂਝ ਵਿਸ਼ਵ ਦੀ ਹੋਂਦ ਹੈ
ਵਿਸ਼ਵ ਦਾ ਸੱਚ ਜਿਸਮ ਤੇ ਰੂਹ ਹੈ

-0-

ਇਹ ਸਾਂਝ ਹੀ
ਨਵ-ਮਾਨਵ ਤੇ ਮਾਨਵਤਾ ਦਾ
ਨਿਰਮਾਣ ਕਰੇਗੀ
ਮਨੁੱਖਤਾ ਦਾ ਰੂਪ ਹੋਵੇਗੀ
ਦੁਨੀਆਂ ਦਾ ਸਰੂਪ ਹੋਵੇਗੀ
ਇਸ ਸਾਂਝ ਚੋਂ
ਮਾਨਵਤਾ ਦੇ ਸਰੀਰਕ
ਅਣੂ ਜਨਮਣਗੇ
ਇਸ ਸਾਂਝ ਚੋਂ
ਮਨੁੱਖੀ ਮਨ ਬੁੱਧ ਮੱਤ ਦਾ
ਵਿਕਾਸ ਹੋਵੇਗਾ
ਗਿਆਨ ਵਿਗਿਆਨ
ਦਰਸ਼ਨ ਵਿੱਦਿਆ ਦਾ
ਪ੍ਰਕਾਸ਼ ਹੋਵੇਗਾ

-0-

ਇਹ ਸਾਂਝ
ਨਵ-ਵਿਸ਼ਵ ਸਮਾਜ ਦੀ ਨੀਂਹ ਹੋਵੇਗੀ
ਮਨੁੱਖਤਾ ਦੇ ਵਿਚਰਨ ਧਰਾਤਲ ਦਾ
ਅਸੂਲ ਹੋਵੇਗੀ

ਇਹ ਸਾਂਝ
ਬਾਣੀ ਵੇਦਾਂ ਸ਼ਾਸਤਰਾਂ ਦਾ ਅਧਾਰ ਹੈ
ਮਨ ਮੰਦਰ ਦਾਂ ਵਿਸ਼ਾ ਹੈ
ਜਗਤ ਦਾ ਪ੍ਰਾਣ ਹੈ
ਇਸਦੀ ਹੋਂਦ ਲੋਕਾਈ ਦਾ ਸੱਚ ਹੈ
ਇਸ ਸਾਂਝ ਦੇ ਸਭ ਕੁੱਝ ਵਸ ਹੈ

-0-

ਇਸ ਸਾਂਝ ਦੇ ਸਦਕਾ
ਲੋਕ ਲੋਕਾਂ 'ਚ ਸਾਹ ਲੈਣਗੇ
ਲੋਕ ਲੋਕਾਂ ਲਈ ਜਿਉਣਗੇ
ਲੋਕ ਲੋਕਾਂ ਲਈ ਵਿਚਰਨਗੇ
ਮਨੁੱਖਤਾ ਲਈ ਚਾਨਣ ਕਰਨਗੇ
ਮਨੁੱਖਤਾ ਦੇ ਹਨ੍ਹੇਰੀਂ ਸੂਰਜ ਧਰਨਗੇ
ਇਸ ਸਾਂਝ 'ਚ ਹੋਵੇਗਾ
ਸਭ ਦਾ ਵਸੇਰਾ
ਅਮਨ ਸੁੱਖ 'ਚ ਹੋਵੇਗਾ
ਸਭ ਦਾ ਵਸੇਰਾ
ਅਮਨ ਸੁੱਖ ਸ਼ਾਂਤੀ ਦਾ ਹੋਵੇਗਾ
ਵਿਸ਼ਵ ਵਿਚ ਡੇਰਾ

-0-

ਇਸ ਸਾਂਝ ਵਿਚ
ਸਾਰਾ ਵਿਸ਼ਵ ਪਰੋਇਆ ਜਾਏਗਾ

ਇਕ ਮਨੁੱਖ ਨੂੰ ਦੂਜੇ ਦੇ ਸੱਚ ਦਾ
ਗਿਆਨ ਹੋਵੇਗਾ
ਦੂਜੇ ਦੀ ਸੁਰੱਖ਼ਸ਼ਾ ਦਾ ਧਿਆਨ ਹੋਵੇਗਾ
ਦੂਜੇ ਨੂੰ ਆਪਣੀ ਥਾਂ ਧਰਕੇ
ਸੋਚਣ ਦਾ ਵਿਚਾਰ ਹੋਵੇਗਾ
ਦੂਜਿਆਂ ਦੀ ਭਲਾਈ ਵੱਧਣ ਫੁੱਲਣ 'ਚ
ਸਭ ਦਾ ਵਿਕਾਸ ਹੋਵੇਗਾ

–0–

ਕੁਦਰਤ ਕਾਦਰ
ਮਾਨਵ ਹੋਂਦ ਦਾ ਸੱਚ ਇਕ ਹੈ
ਇਸਨੂੰ ਜਾਣਨ ਤੋਂ ਪਿਛੋਂ
ਇਸ ਸੱਚ ਨੂੰ ਪ੍ਰਚਾਰਨਾ ਤੇ ਸਥਾਪਨਾ
ਮਨੁੱਖੀ ਜੀਵਨ ਦਾ ਪ੍ਰਯੋਜਨ ਹੈ
ਇਸਨੂੰ ਯਥਾਰਥਕ ਰੂਪ ਦੇਣਾ
ਹੋਂਦ ਵਿਚ ਲਿਆਉਣਾ
ਮਨੁੱਖੀ ਕਰਮ ਹੈ ਮਨੁੱਖੀ ਧਰਮ ਹੈ
ਇਸ ਸਾਂਝ ਦੇ ਸੱਚ ਦਾ ਸੂਰਜ
ਮਨੁੱਖੀ ਦੇਹ ਚੋਂ ਚੜ੍ਹਨਾ ਹੈ
ਮੇਟ ਹਨ੍ਹੇਰਾ ਜਿਸਨੇ
ਜਗ ਵਿਚ ਚਾਨਣ ਕਰਨਾ ਹੈ

–0–

ਬ੍ਰਹਿਮੰਡ

ਅਕਾਸ਼ ਪਤਾਲ ਸੂਰਜ ਚੰਨ

ਸਿਤਾਰੇ ਪ੍ਰਕਿਰਤੀ

ਇਸ ਸਾਂਝ ਦੇ ਸੱਚ ਦਾ ਪ੍ਰਗਟਾਅ ਹਨ

ਇਹ ਸੱਚ ਮੌਤ ਦੇ ਆਰ-ਪਾਰ ਹੈ

ਇਸ ਸੱਚ ਦਾ ਅੰਸ਼

ਮਨੁੱਖਾ ਦੇਹ ਵਿਚਕਾਰ ਹੈ

ਸਵੈ-ਸੱਚ ਜਾਣਨ ਵਾਲੇ

ਮਨੁੱਖ ਨੂੰ

ਯੁਗੋ ਯੁਗ ਪ੍ਰਣਾਮ ਹੈ

ਯੁਗੋ ਯੁਗ ਪ੍ਰਣਾਮ ਹੈ

-----



ਕਾਇਆਕਲਪ
ਮਨੁੱਖੀ ਅਰਥ ਦੀ ਨਜ਼ਰ 'ਚ
ਮਨੁੱਖਾ ਜ਼ਿੰਦਗੀ ਦੀ ਤਲੀ 'ਤੇ
ਜ਼ਿੰਦਗੀ ਦਾ ਸੱਚ ਧਰੇਗਾ
ਐਸਾ
ਸਮਾਜਕ ਰਾਜਨੀਤਕ ਆਰਥਕ
ਤੇ ਧਾਰਮਿਕ ਢਾਂਚਾ ਘੜੇਗਾ
ਜੋ ਮਨੁੱਖਤਾ ਦਾ ਹਿੱਤਕਾਰੀ ਹੋਵੇ
ਜਿਸਨੇ ਮਨੁੱਖਤਾ
ਆਪਣੇ ਲਹੂ ਤੇ ਸਾਹਾਂ 'ਚ
ਉਤਾਰੀ ਹੋਵੇ

ਚਰਨ ਸਿੰਘ